**Estd: 2000**

ਦਸੰਬਰ/ December - 2021
ਸਾਲ/ Year - 05
ਅੰਕ/ Edition - 09
ਸਫੇ/ Page - 12

Anual Subcription 500/-

Regd Office:
1195, Ajit Nagar
Moga-142001 (Punjab)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' • ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ-ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPUN 04016 * Help Line: 9988-92-9988 * E-mail: mehakwattandi@rediffmail.com * www.mehakwatandilive.com

**facebook**

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ

www.mehakwatandilive.com

## ਅੰਦਰ ਪੜ੍ਹੋ

ਜਲੰਧਰ ਤੋਂ ਸ੍ਰੀ ਫਤਹਿਗੜ੍ਹ ਸਾਹਿਬ ਤੱਕ ਦੀ ਪੈਦਲ ਯਾਤਰਾ 25,26,27 ਦਸੰਬਰ 2021 ਨੂੰ

******

'ਮਹਿਕ ਵਤਨ ਦੀ ਲਾਈਵ' ਵੱਲੋਂ ਪ੍ਰਕਾਸਿਤ ਬਾਬੇ ਸ਼ਹੀਦਾ ਚੰਦ ਪੁਰਾਣਾ ਦੀ ਸਾਲਾਨਾ ਯੰਤਰੀ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਲੋਕ ਅਰਪਣ

******

'ਜੁਗਨੀ' ਇੱਕ ਲੋਕ ਵਿਰਾਸਤ

******

ਮੋਗਾ ਦੇ ਪੰਜਾਬੀ ਜੁੱਤੀ ਬਾਜਾਰ ਦਾ ਦੁਨੀਆਂ ਵਿੱਚ ਅਹਿਮ ਸਥਾਨ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com






ਮਹਿਕ ਵਤਨ ਦੀ ਵੱਲੋਂ ਪ੍ਰਕਾਸ਼ਿਤ ਗੁਰਦੁਆਰਾ ਬਾਬੇ ਸ਼ਹੀਦਾਂ ਚੰਦ ਪੁਰਾਣਾ ਦੀ ਸਾਲਾਨਾ ਜੰਤਰੀ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਲੋਕ-ਅਰਪਣ



ਸੰਤ ਬਾਬਾ ਹੀਰਾ ਸਿੰਘ ਜੀ ਦੀ ਸਾਲਾਨਾ ਬਰਸ਼ੀ ਮੌਕੇ ਕਾਪੀਆਂ ਬੱਚਿਆਂ ਨੂੰ ਦੇਣ ਦਾ ਮਤਲਬ ਉਨ੍ਹਾਂ ਤੱਕ ਚੰਗੇ ਸੰਦੇਸ਼ ਪਹੁੰਚਾਉਣਾ ਹੈ -ਭਵਨਦੀਪ ਸਿੰਘ ਪੁਰਬਾ




ਕਿਸਾਨ ਅੰਦੋਲਣ ਦੀ ਜਿੱਤ ਦੀ ਖੁਸ਼ੀ ਮੋਗਾ ਵਾਸੀਆਂ ਨੇ ਨੱਚ-ਟੱਪ ਕੇ, ਭੰਗੜੇ ਪਾ ਕੇ ਮਨਾਈ



Scanned with CamScanner



ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ!







ਮੁੱਖ ਸੇਵਾਦਾਰ: ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ

ਮੁੱਖ ਪ੍ਰਬੰਧਕ: ਭਾਈ ਹਰਪ੍ਰੀਤ ਸਿੰਘ 'ਡੋਨੀ'

ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ)



ਸਾਹਿਬਜਾਦਿਆਂ ਦੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ!



ਸੰਤ ਬਾਬਾ ਰੇਸ਼ਮ ਸਿੰਘ ਜੀ ਖ਼ਾਲਸਾ

ਮੁੱਖ ਸੇਵਾਦਾਰ : ਗੁ. ਸਾਹਿਬ ਦੁੱਖ ਭੰਜਨਸਰ ਸਾਹਿਬ, ਖੁਖਰਾਣਾ

ਸੀਨੀ. ਮੀਤ ਪ੍ਰਧਾਨ ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ ਖ਼ਾਲਸਾ ਐਕਸ਼ਨ ਕਮੇਟੀ

ਮੋ. 98153-11318, 77107-11318


Scanned with CamScanner

ਸੰਪਾਦਕ ਦੀ ਕਲਮ 'ਚੋਂ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਡਾਕੂ, ਚੋਰ, ਲੁਟੇਰੇ, ਝਪਟਬਾਜ

ਇਸ ਸਮਾਜ ਵਿਚ ਰਹਿੰਦਿਆਂ ਸਾਨੂੰ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਮੇਂ-ਸਮੇਂ ਤੇ ਕਈ ਆਫ਼ਤਾਂ ਆਉਂਦੀਆਂ ਹਨ ਜਿਨ੍ਹਾਂ ਨਾਲ ਇਨਸਾਨ ਨੂੰ ਨਜਿੱਠਣਾ ਪੈਂਦਾ ਹੈ।

ਸਮਾਜ ਵਿਚ ਰਹਿੰਦਿਆਂ ਸਾਨੂੰ ਸਮਾਜ ਵਿਚ ਚੱਲ ਰਹੀਆਂ ਕਦਰਾਂ ਕੀਮਤਾਂ, ਰੀਤੀ-ਰਿਵਾਜ਼ਾਂ ਨੂੰ ਅਪਨਾਉਣਾ ਪੈਂਦਾ ਹੈ ਤਾਂ ਹੀ ਸੱਭਿਅਕ ਇਨਸਾਨ ਅਖਵਾਇਆ ਜਾਂਦਾ ਹੈ। ਕੁਦਰਤੀ ਆਫ਼ਤਾਂ ਦੇ ਨਾਲ-ਨਾਲ ਘਟੀਆ ਕਿਰਦਾਰਾਂ ਵੱਲੋਂ ਸਮਾਜ ਵਿਚ ਫੈਲਾਈਆਂ ਬੁਰਾਈਆਂ ਮੁੱਢ ਕਦੀਮ ਤੋਂ ਹੀ ਇਨਸਾਨ ਦੇ ਨਾਲ-ਨਾਲ ਚੱਲਦੀਆਂ ਆ ਰਹੀਆਂ ਹਨ।

ਘਟੀਆ ਕਿਰਦਾਰ ਵਾਲੇ ਅਸੱਭਿਅਕ ਇਨਸਾਨ ਦੁਨੀਆਂ ਨੂੰ ਲੁੱਟਣ ਲਈ ਕਈ ਪ੍ਰਕਾਰ ਦੇ ਹੱਥ ਕੰਢੇ ਵਰਤਦੇ ਹਨ। ਸਮੇਂ-ਸਮੇਂ ਅਨੁਸਾਰ ਉਨ੍ਹਾਂ ਦੇ ਕਮੀਨੇਪਣ ਦੇ ਤੌਰ-ਤਰੀਕੇ ਵੀ ਬਦਲਦੇ ਰਹਿੰਦੇ ਹਨ। ਆਧੁਨਿਕ ਸਮਾਜ ਦੀ ਉਨਤੀ ਦੇ ਨਾਲ-ਨਾਲ ਲੁਟੇਰੇ ਸਮਾਜ ਨੇ ਵੀ ਲੁੱਟਣ ਦੇ ਨਵੇਂ-ਨਵੇਂ ਢੰਗ ਤਰੀਕੇ ਅਪਣਾ ਲਏ ਹਨ।

ਸਭ ਤੋਂ ਪਹਿਲਾਂ ਪੁਰਾਤਨ ਜ਼ਮਾਨੇ ਵਿਚ ਡਾਕੂ ਹੁੰਦੇ ਸਨ। ਜੋ ਪਿੰਡਾਂ ਵਿਚ ਡਾਕੇ ਮਾਰਨ ਆਉਂਦੇ ਸਨ। ਉਨ੍ਹਾਂ ਡਾਕੂਆਂ ਦੀ ਇਕ ਵੱਖਰੀ ਪਹਿਚਾਣ ਹੁੰਦੀ ਸੀ। ਜਦ ਡਾਕਾ ਵੱਜਦਾ ਸੀ ਲੁੱਟ ਖੋਹ ਹੁੰਦੀ ਸੀ ਤਾਂ ਪਤਾ ਹੁੰਦਾ ਸੀ ਕਿ ਕਿਹੜੇ ਡਾਕੂ ਨੇ ਇਹ ਕਾਰਾ ਕੀਤਾ ਹੈ। ਉਨ੍ਹਾਂ ਡਾਕੂਆਂ ਦੇ ਸਿਰ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਪੁਲਿਸ ਵੱਲੋਂ ਵੱਡੇ-ਵੱਡੇ ਇਨਾਮ ਰੱਖੇ ਜਾਂਦੇ ਸਨ। ਡਾਕੂ ਹੋਣਾ ਹਿੰਮਤ ਤੇ ਦਲੇਰੀ ਵਾਲਾ ਕਾਰਜ ਸੀ। ਡਾਕੂਆਂ ਵੱਲੋਂ ਆਪਣੀ ਸੂਝ ਬੂਝ ਨਾਲ ਇਕ ਗਰੁੱਪ ਤਿਆਰ ਕੀਤਾ ਜਾਂਦਾ ਸੀ। ਉਨ੍ਹਾਂ ਦਾ ਇਕ ਸਰਦਾਰ ਥਾਪਿਆ ਜਾਂਦਾ ਸੀ ਬਾਕੀ ਸਾਰੇ ਉਸ ਦੇ ਕਹਿਣੇ ਵਿਚ ਚੱਲਦੇ ਸਨ। ਸਰਦਾਰ (ਮੇਨ ਡਾਕੂ) ਦੇ ਫੜੇ ਜਾਣ ਜਾਂ ਮਾਰੇ ਜਾਣ ਤੋਂ ਬਾਅਦ ਉਸ ਦੀ ਜਗ੍ਹਾ ਨਵਾਂ ਆਗੂ ਥਾਪਿਆ ਜਾਂਦਾ ਸੀ। ਹੌਲੀ-ਹੌਲੀ ਪੁਲਿਸ ਵਿਚ ਕਾਬਿਲ ਤੇ ਯੋਗ ਵਿਅਕਤੀਆਂ ਦੀ ਸੂਝ ਬੂਝ ਨਾਲ ਸਾਰੇ ਡਾਕੂ ਗਰੁੱਪ ਖਤਮ ਹੋ ਗਏ। ਜਿਵੇਂ ਆਖਦੇ ਹਨ ਕਿ ਕਿਸੇ ਚੀਜ਼ ਦਾ ਵੀ ਬੀਜ ਨਾਸ਼ ਨਹੀਂ ਹੁੰਦਾ ਅੱਜ ਵੀ ਕੁਝ ਜੰਗਲੀ ਕਬੀਲਿਆਂ ਵਿਚ ਡਾਕੂਆਂ ਦੇ ਗਰੁੱਪ ਮੌਜੂਦ ਹਨ ਪਰ ਡਾਕੂਆਂ ਦੀ ਪਹਿਲਾਂ ਵਾਲੀ ਦਹਿਸ਼ਤ ਨਹੀਂ ਰਹੀ।

ਡਾਕੂਆਂ ਤੋਂ ਬਾਅਦ ਵਾਰੀ ਆਈ ਚੋਰਾਂ ਦੇ ਗਰੁੱਪ ਦੀ ਜਿਨ੍ਹਾਂ ਦਾ ਨਾਂ ਕੋਈ ਨਾਮ, ਨਾ ਹੀ ਨਿਸ਼ਾਨ, ਨਾ ਪਤਾ ਕਿ ਇਹ ਕਿਥੋਂ ਦੇ ਹਨ। ਇਹ ਚੋਰ ਆਪਣਾ ਕੰਮ ਚੋਰੀ-ਚੋਰੀ ਕਰਦੇ ਰਹੇ। ਇਹ ਅੱਜ ਵੀ ਮੌਜੂਦ ਹਨ। ਪਿਛਲੇ ਕੁਝ ਸਾਲਾਂ ਵਿਚ ਇਹ ਜ਼ਿਆਦਾ ਸਰਗਰਮ ਹਨ। ਕੰਧਾਂ ਵਿਚ ਪਾੜ ਲਾ ਕੇ, ਸੁੱਤੇ ਪਏ ਲੋਕਾਂ ਦੇ ਘਰਾਂ ਵਿਚ ਕੰਧ ਟੱਪ ਕੇ, ਦੁਕਾਨਾਂ ਦੇ ਛੱਟਰ ਤੋੜ ਕੇ ਇਹ ਆਪਣੇ ਕਾਰਨਾਮੇ ਕਰ ਜਾਂਦੇ ਹਨ। ਮੰਨਿਆ ਜਾਂਦਾ ਹੈ ਕਿ ਇਹ ਦਲੇਰ ਸਮਾਜ ਦਾ ਅੰਗ ਨਹੀਂ। ਇਹ ਤਾਂ ਨਸੇੜੀਏ ਲੋਕ ਹਨ ਜਿਹੜੇ ਹਜ਼ਾਰਾਂ, ਲੱਖਾਂ ਰੁਪਏ ਦੇ ਸਮਾਨ ਨੂੰ ਕੁਝ ਪੈਸਿਆਂ ਵਿਚ ਵੇਚ ਕੇ ਆਪਣੀ ਨਸ਼ੇ ਦੀ ਅਲ ਪੂਰੀ ਕਰਦੇ ਹਨ।

ਹਰ ਖੇਤਰ ਵਿਚ ਤਰੱਕੀ ਹੋਈ ਹੈ ਫਿਰ ਚੋਰ ਕਿਸੇ ਨਾਲੋਂ ਘੱਟ ਕਿਉਂ ਰਹਿਣ। ਹੁਣ ਚੋਰ ਦੁਕਾਨਾਂ ਦੇ ਛਟਰ ਵਿਚਕਾਰੋਂ ਇਸ ਤਰੀਕੇ ਨਾਲ ਚੁੱਕਦੇ ਹਨ ਕਿ ਆਪਣੇ ਇਕ ਸਾਥੀ ਨੂੰ ਅੰਦਰ ਵਾੜ ਸਕਣ। ਉਨ੍ਹਾਂ ਦਾ ਸਾਥੀ ਦੁਕਾਨ ਦੇ ਅੰਦਰ ਵੜ ਜਾਂਦਾ ਹੈ ਅਤੇ ਕੀਮਤੀ ਚੀਜ਼ਾਂ ਦਾ ਸਫ਼ਾਇਆ ਕਰਕੇ ਬਾਹਰ ਆ ਕੇ ਆਪਣੇ ਸਾਥੀਆਂ ਨਾਲ ਰਫੂ ਚੱਕਰ ਹੋ ਜਾਂਦਾ ਹੈ। ਚੋਰਾਂ ਲਈ ਸਭ ਤੋਂ ਚੰਗੀ ਸਹੂਲਤ ਮੋਬਾਇਲ ਦੀ ਹੈ। ਸਾਰਾ ਗਰੁੱਪ ਇਕ ਦੂਜੇ ਦੇ ਸੰਪਰਕ ਵਿਚ ਰਹਿ ਕੇ ਲਾਈਨ ਕਲੀਅਰ ਕਰੀ ਜਾਂਦਾ ਹੈ।

ਇਨ੍ਹਾਂ ਦੇ ਬਾਅਦ ਵਾਰੀ ਆਈ ਜਾਨੀ ਕਿ ਅੱਜਕਲ੍ਹ ਜੋ ਵਾਪਰ ਰਿਹਾ, ਝਪਟਬਾਜਾਂ ਦੀ। ਇਨ੍ਹਾਂ ਦੇ ਥੇਹ ਟਿਕਾਣਿਆਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਇਨ੍ਹਾਂ ਬਾਰੇ ਪਤਾ ਲੱਗਾ ਹੈ ਕਿ ਇਹ ਜ਼ਿਆਦਾਤਰ ਮੋਟਰਸਾਈਕਲ ਤੇ ਹੁੰਦੇ ਹਨ। ਇਹ ਦੋ ਜਾਂ ਤਿੰਨ ਸਾਥੀ ਹੁੰਦੇ ਹਨ ਜਿਨ੍ਹਾਂ ਵਿਚ ਇਕ ਮੋਟਰ ਸਾਈਕਲ ਸਟਾਰਟ ਕਰ ਕੇ ਰੱਖਦਾ ਹੈ। ਇਨ੍ਹਾਂ ਦੇ ਦੂਸਰੇ ਸਾਥੀ ਤੁਰੀਆਂ ਜਾ ਰਹੀਆਂ ਔਰਤਾਂ ਦੇ ਗਲਾਂ ਵਿਚੋਂ ਗਾਨੀਆਂ, ਹਾਰ, ਕੰਨਾਂ ਵਿਚੋਂ ਕਾਂਟੇ ਆਦਿ ਖਿੱਚ ਕੇ ਫਟਾਫਟ ਆਪਣੇ ਸਾਥੀਆਂ ਨਾਲ ਫਰਾਰ ਹੋ ਜਾਂਦੇ ਹਨ। ਇਨ੍ਹਾਂ ਦੀ ਦਹਿਸ਼ਤ ਅੱਜ ਸਿਖ਼ਰਾਂ ਤੇ ਹੈ। ਇਨ੍ਹਾਂ ਝਪਟਬਾਜਾਂ ਵੱਲੋਂ ਏਨੇ ਵੱਡੇ ਪੱਧਰ ਤੇ ਕਾਰੇ ਕੀਤੇ ਜਾ ਰਹੇ ਹਨ ਉਸ ਪਿੱਛੇ ਕਿਸੇ ਵੱਡੀ ਤਾਕਤ ਦਾ ਹੀ ਹੱਥ ਹੋ ਸਕਦਾ ਹੈ। ਇਨ੍ਹਾਂ ਝਪਟਬਾਜਾਂ ਨੂੰ ਟ੍ਰੇਨਿੰਗ ਦੇਣ ਵਾਲਾ ਜ਼ਰੂਰ ਕੋਈ ਹੋਵੇਗਾ ਜਿਹੜਾ ਇਨ੍ਹਾਂ ਨੂੰ ਸਰਕਾਰ ਵੀ ਕਾਬੂ ਨਹੀਂ ਕਰ ਸਕੀ।

ਉਪਰੋਕਤ ਡਾਕੂ, ਚੋਰ, ਝਪਟਬਾਜਾਂ ਦੇ ਨਾਲ-ਨਾਲ ਲੁਟੇਰੇ ਸਮਾਜ ਦੀਆਂ ਸਰਗਰਮੀਆਂ ਵੀ ਹਮੇਸ਼ਾ ਚਲਦੀਆਂ ਰਹੀਆਂ ਹਨ। ਕਦੇ-ਕਦੇ ਇਨ੍ਹਾਂ ਦੀਆਂ ਗਤੀਵਿਧੀਆਂ ਘੱਟ ਜਾਂਦੀਆਂ ਹਨ ਕਦੇ ਵੱਧ ਜਾਂਦੀਆਂ ਹਨ। ਲੁਟੇਰੇ ਜ਼ਿਆਦਾਤਰ ਜੰਗਲੀ ਕਬੀਲਿਆਂ 'ਚ, ਟਰੇਨਾਂ (ਰੇਲ ਗੱਡੀਆਂ) ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ। ਇਨ੍ਹਾਂ ਲੁਟੇਰਿਆਂ ਵੇਲੇ ਬੈਂਕ ਡਕੈਤੀਆਂ ਆਦਿ ਦੇ ਕਾਰੇ ਵੀ ਹੁੰਦੇ ਰਹੇ ਹਨ ਪਰ ਬੈਂਕਾਂ ਆਦਿ ਨੂੰ ਸਰਕਾਰ ਵੱਲੋਂ ਕਰੜੀ ਸੁਰੱਖਿਆ ਪ੍ਰਦਾਨ ਹੋਣ ਕਰਕੇ ਬੈਂਕ ਸੁਰੱਖਿਅਤ ਹੋ ਗਏ ਹਨ। ਕਦੇ-ਕਦੇ ਸਮਾਜ ਵਿਚ ਕਦੀ ਅਨੋਖਾ ਉਧਮੂਲ ਉਠਦਾ ਹੈ ਜੋ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਭਰ ਦਿੰਦਾ ਹੈ ਜਿਸ ਤਰ੍ਹਾਂ ਪਿਛਲੇ ਕੁਝ ਸਾਲਾਂ ਦੌਰਾਨ ਕਾਲੇ ਕੱਛਿਆਂ ਵਾਲਿਆਂ ਦਾ ਦੌਰ ਆਇਆ ਸੀ। ਪਰ ਜਦ ਲੋਕ ਜਾਗ ਪੈਂਦੇ ਹਨ, ਜਦ ਲੋਕ ਸੜਕ ਤੇ ਉਤਰਦੇ ਹਨ ਤਾਂ ਹਰ ਮੁਸ਼ਕਿਲ ਦਾ ਹੱਲ ਹੋ ਜਾਂਦਾ ਹੈ, ਹਿੰਮਤੀ ਤੇ ਦਲੇਰ ਲੋਕਾਂ ਵੱਲੋਂ ਕੁਝ ਕਾਲੇ ਕੱਛਿਆਂ ਵਾਲੇ ਮਾਰ ਦਿੱਤੇ ਗਏ ਸਨ। ਚਾਹੇ ਉਨ੍ਹਾਂ ਹਿੰਮਤੀ ਦਲੇਰ ਲੋਕਾਂ ਨੂੰ ਬਾਅਦ ਵਿਚ ਸਰਕਾਰ ਵੇਲੇ ਮੁਕੱਦਮੇ ਚਲਾਏ ਗਏ। ਮਾਰੇ ਜਾਣ ਵਾਲੇ ਲੋਕਾਂ ਨੂੰ ਬੇਗੁਨਾਹ ਦੱਸਿਆ ਗਿਆ ਪਰ ਹਿੰਮਤੀ ਲੋਕਾਂ ਦੀ ਦਲੇਰੀ ਕਾਰਨ ਅਜਿਹੇ ਆਤੰਕ ਦਾ ਅੰਤ ਹੋ ਗਿਆ।

ਇਹ ਡਾਕੂ, ਚੋਰ, ਲੁਟੇਰੇ ਅਤੇ ਝਪਟਬਾਜ ਕਿਸੇ ਸ਼ਹਿ ਤੋਂ ਬਗੈਰ ਆਪਣੇ ਕਾਰੇ ਨਹੀਂ ਕਰ ਸਕਦੇ। ਕਿਤੇ ਨਾ ਕਿਤੇ ਸਿਆਸੀ ਆਗੂ, ਪੁਲਿਸ ਅਫ਼ਸਰ ਤੇ ਲੁਟੇਰੇ ਸਮਾਜ ਦੀ ਮਿਲੀਭੁਗਤ ਜ਼ਰੂਰ ਹੁੰਦੀ ਹੈ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd. No. PUNPUN 04016 | Year 05 | Edition 09 | Issue Date: 20-Dec.-2021

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਤਾਰੇਵਾਲਾ
ਧਾਰਮਿਕ ਸੰਪਾਦਕ : ਸਾਧੂ ਸਿੰਘ ਧੰਮੂ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਸਹਿ ਸੰਪਾਦਕ : ਇਕਬਾਲ ਖੋਸਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਕਾਨੂੰਨੀ ਸਲਾਹਕਾਰ : ਐਡਵੋਕੇਟ ਨਸੀਬ ਬਾਵਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ




ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜ਼ਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।




ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ● ਲਾਈਵ Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

Help Line: 9988 92 9988
www.mehakwatandilive.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner

# ਸ੍ਰੀ ਫਤਿਹਗੜ੍ਹ ਸਾਹਿਬ ਤੱਕ ਤੇਰਵੀਂ ਪੈਦਲ ਯਾਤਰਾ 25, 26, 27 ਦਸੰਬਰ 2021 ਨੂੰ -ਬਾਬਾ ਫੌਜਾ ਸਿੰਘ ਜੀ

ਜਲੰਧਰ/ ਭਵਨਦੀਪ ਸਿੰਘ ਪੁਰਬਾ

ਮਾਤਾ ਗੁਜਰ ਕੌਰ ਜੀ, ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਹਿਬਜਾਦਿਆਂ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬਾਬਾ ਫੌਜਾ ਸਿੰਘ ਜੀ ਸੁਭਾਨੇ ਵਾਲਿਆਂ ਦੀ ਸਰਪ੍ਰਸਤੀ ਵਿੱਚ 13 ਵੀ ਪੈਦਲ ਯਾਤਰਾ ਮਿਤੀ 25, 26, 27 ਦਸੰਬਰ 2021 ਨੂੰ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ ਜਿਲਾ ਜਲੰਧਰ ਤੋਂ ਅਰੰਭ ਹੋ ਕੇ ਸ੍ਰੀ ਫਤਿਹਗੜ੍ਹ ਸਾਹਿਬ, ਸਰਹੰਦ ਤੱਕ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੁਭਾਨਾ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ ਜੀ ਉਰਫ ਬਾਬਾ ਫੌਜਾ ਸਿੰਘ ਜੀ ਨੇ 'ਮਹਿਕ ਵਤਨ ਦੀ ਲਾਈਵ' ਨਾਲ ਗੱਲ-ਬਾਤ ਕਰਦਿਆ ਦੱਸਿਆ ਕਿ ਮਿਤੀ 25 ਦਸੰਬਰ 2021 ਦਿਨ ਸ਼ਨੀਵਾਰ ਨੂੰ ਸਵੇਰੇ 6 ਵਜੇ ਅਸਥਾਨ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਨੇੜੇ ਗੜ੍ਹਾ ਮੰਡੀ, ਪਿੰਡ ਸੁਭਾਨਾ (ਜਲੰਧਰ) ਤੋਂ ਚੱਲ ਕੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਫਿਲੋਰ ਵਿਖੇ ਰਾਤ ਦਾ ਵਿਸ਼ਰਾਮ ਹੋਵੇਗਾ।

ਮਿਤੀ 26 ਦਸੰਬਰ 2021 ਨੂੰ ਸਵੇਰੇ 6 ਵਜੇ ਗੁਰਦੁਆਰਾ ਛੇਵੀਂ ਪਾਤਿਸ਼ਾਹੀ ਫਿਲੋਰ ਤੋਂ ਚੱਲ ਕੇ ਗੁਰਦੁਆਰਾ ਮੰਜੀ ਸਾਹਿਬ (ਛੇਵੀਂ ਪਾਤਿਸ਼ਾਹੀ) ਨੇੜੇ ਪਾਇਲ (ਜਿਲ੍ਹਾ ਲੁਧਿਆਣਾ) ਵਿਖੇ ਰਾਤ ਦਾ ਵਿਸ਼ਰਾਮ ਹੋਵੇਗਾ। ਮਿਤੀ 27 ਦਸੰਬਰ 2021 ਨੂੰ ਸਵੇਰੇ 6 ਵਜੇ ਗੁਰਦੁਆਰਾ ਮੰਜੀ ਸਾਹਿਬ (ਪਾਤਿਸ਼ਾਹੀ ਛੇਵੀਂ) ਪਾਇਲ ਤੋਂ ਚੱਲ ਕੇ ਗੁਰਦੁਆਰਾ ਫਤਹਿਗੜ੍ਹ ਸਾਹਿਬ ਸਰਹੰਦ ਵਿਖੇ ਸਮਾਪਤੀ ਹੋਵੇਗੀ।



ਬਾਬਾ ਫੌਜਾ ਸਿੰਘ ਜੀ ਨੇ ਕਿਹਾ ਕਿ ਇਸ ਪੈਦਲ ਯਾਤਰਾ ਦਾ ਮਕਸਦ ਸਾਹਿਬਜਾਦਿਆ ਦੀ ਸਹਾਦਤ ਨੂੰ ਪ੍ਰਣਾਮ ਕਰਦੇ ਹੋਏ ਉਨ੍ਹਾਂ ਦੀ ਕੁਰਬਾਨੀ ਬਾਰੇ ਬੱਚਿਆਂ ਨੂੰ ਜਾਗਰੁਕ ਕਰਵਾਉਣਾ ਅਤੇ ਨੌ-ਜਵਾਨ ਪੀੜੀ ਨੂੰ ਨਸ਼ੇ ਤੋਂ ਰੋਕਣਾ, ਸੰਗਤਾ ਨੂੰ ਪਾਖੰਡਵਾਦ ਪ੍ਰਤੀ ਜਾਗਰੁਕ ਕਰਨਾ, ਪ੍ਰੀਵਾਰਾ ਸਮੇਤ ਗੁਰਸਿੱਖੀ ਅਪਨਾਉਣਾ ਅਤੇ ਭਰੂਣ ਹੱਤਿਆ ਨੂੰ ਰੋਕਣਾ ਹੈ।

ਇਸ ਤੇਰਵੀਂ ਪੈਦਲ ਯਾਤਰਾ ਸਬੰਧੀ ਤੁਸੀਂ ਹੇਠ ਦਿੱਤੇ ਨੰਬਰਾ ਤੇ ਸੰਪਰਕ ਕਰ ਸਕਦੇ ਹੋ।

77102-74139, 62849-19265, 97796-53103, 95013-11613

# 'ਮਹਿਕ ਵਤਨ ਦੀ ਲਾਈਵ' ਵੱਲੋਂ ਪ੍ਰਕਾਸ਼ਿਤ ਗੁਰਦੁਆਰਾ ਬਾਬੇ ਸ਼ਹੀਦਾਂ ਚੰਦ ਪੁਰਾਣਾ ਦੀ ਸਾਲਾਨਾ ਜੰਤਰੀ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਲੋਕ-ਅਰਪਣ

ਬਾਘਾ ਪੁਰਾਣਾ/ ਮਵਦੀਲਾ ਬਿਓਰੋ



'ਮਹਿਕ ਵਤਨ ਦੀ ਲਾਈਵ' ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਬਾਬੇ ਸ਼ਹੀਦਾਂ ਚੰਦ ਪੁਰਾਣਾ ਦੀ ਸਾਲਾਨਾ ਜੰਤਰੀ 2022 ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ (ਤਪ ਅਸਥਾਨ ਸੱਚ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ) ਚੰਦਪੁਰਾਣਾ ਵਿਖੇ ਸੰਗਤਾਂ ਦੀ ਮੌਜੂਦਗੀ ਵਿੱਚ ਲੋਕ-ਅਰਪਣ ਕੀਤੀ ਗਈ।

ਇਹ ਜੰਤਰੀ ਦੀ ਪ੍ਰਕਾਸ਼ਨਾ ਸਬੰਧੀ ਗੱਲਬਾਤ ਕਰਦਿਆਂ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਇਸ ਜੰਤਰੀ ਵਿੱਚ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਅਸਥਾਨ ਦੇ ਸੰਖੇਪ ਇਤਿਹਾਸ ਅਤੇ ਮੌਜੂਦਾ ਮਹਾਪੁਰਸ਼ ਸਮਾਜ ਸੇਵੀ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਜਾਣਕਾਰੀ ਤੋਂ ਇਲਾਵਾ ਮੱਸਿਆ, ਪੁੰਨਿਆ, ਸੰਗਰਾਂਦ ਦਸਵੀਂ ਅਤੇ ਹੋਰ ਖਾਸ ਦਿਨ ਤਿਉਹਾਰਾਂ ਨੂੰ ਬੜੇ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਦੇ ਅਸਥਾਨ ਦੀ ਇਹ ਪੰਜਵੀਂ ਜੰਤਰੀ ਹੈ ਜੋ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਪ੍ਰਕਾਸ਼ਿਤ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਭਵਨਦੀਪ ਸਿੰਘ ਪੁਰਬਾ ਨੇ ਬਾਬਾ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਨੇ ਸਾਨੂੰ ਇਹ ਜੋ ਸੇਵਾ ਬਖਸ਼ੀ ਹੈ ਇਸ ਲਈ ਅਸੀਂ ਬਾਬਾ ਜੀ ਦੇ ਬਹੁੱਤ-ਬਹੁੱਤ ਧੰਨਵਾਦੀ ਹਾਂ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਅਸੀਂ ਹਮੇਸ਼ਾਂ ਇਸ ਅਸਥਾਨ ਨਾਲ ਸਬੰਧਤ ਅਜਿਹੀਆਂ ਸੇਵਾਵਾਂ ਨਿਭਾਉਂਦੇ ਰਹਾਂਗੇ।

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

**ਪਲਾਟ ਵਿਕਾਊ**

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

ਦੇ.ਗ ਤੇ.ਗ ਫਤਹਿ ਪੰਥ ਕੀ ਜੀਤ



ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਨੇੜੇ ਗੜ੍ਹਾ ਮੰਡੀ, ਸੁਭਾਨਾ (ਜਲੰਧਰ) ਤੋਂ

13ਵੀਂ ਪੈਦਲ ਯਾਤਰਾ

ਮਿਤੀ 25 ਦਸੰਬਰ ਤੋਂ 27 ਦਸੰਬਰ 2021 ਤੱਕ

ਸ੍ਰੀ ਫਤਹਿਗੜ੍ਹ ਸਾਹਿਬ, ਸਰਹੰਦ ਤੱਕ

ਸਤਿਕਾਰਯੋਗ ਗੁਰੂ ਰੂਪ ਸਾਧ ਸੰਗਤ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਮਾਤਾ ਗੁਜਰ ਕੌਰ ਜੀ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਸੰਬੰਧ ਵਿਚ ਗੁਰਦੁਆਰਾ ਸਾਹਿਬ ਤੋਂ ਪੈਦਲ ਯਾਤਰਾ ਆਰੰਭ ਕੀਤੀ ਜਾ ਰਹੀ ਹੈ।ਆਪ ਜੀ ਨੂੰ ਬੇਨਤੀ ਹੈ ਪਰਿਵਾਰਾਂ ਸਮੇਤ ਇਸ ਯਾਤਰਾ ਵਿੱਚ ਸ਼ਾਮਿਲ ਹੋ ਕੇ ਇਲਾਹੀ ਬਾਣੀ ਦੇ ਜਾਪ ਕਰਦੇ ਹੋਏ ਆਪਣਾ ਜੀਵਨ ਸਫਲਾ ਕਰੀਏ।

ਯਾਤਰਾ ਦਾ ਵੇਰਵਾ



ਬਾਬਾ ਮਨੀ ਸਿੰਘ ਜੀ (ਇੰਗਲੈਂਡ ਵਾਲੇ)

ਮਿਤੀ 25 ਦਸੰਬਰ ਦਿਨ ਸ਼ਨਿਚਰਵਾਰ ਸਵੇਰੇ 4.00 ਵਜੇ ਅਸਥਾਨ ਅਕਾਲ ਬੁੰਗਾ ਸਾਹਿਬ ਨੇੜੇ ਗੜ੍ਹਾ ਮੰਡੀ ਸੁਭਾਨਾ (ਜਲੰਧਰ) ਤੋਂ ਚਲ ਕੇ ਧੀਣਾ, ਸਮਰਾਵਾਂ, ਜੰਡਿਆਲਾ, ਵਡਾਲਾ, ਰੁੜਕਾ, ਬੀੜ ਬੰਸੀਆਂ ਢੱਡਾ ਢੀਂਡਸਾ, ਜੱਜਾ ਕਲਾਂ, ਮੁਠੱਡਾ ਖੁਰਦ, ਗੁਰਦੁਆਰਾ ਸ੍ਰੀ ਗੁਰੂ ਸਿੰਘ ਅਕਲਪੁਰ ਅਤੇ ਰਾਤ ਵਿਸ਼ਰਾਮ

ਮਿਤੀ 26 ਦਸੰਬਰ ਦਿਨ ਐਤਵਾਰ ਸਵੇਰੇ 4.00 ਵਜੇ ਗੁਰਦੁਆਰਾ ਸਾਹਿਬ ਰਾਮਗੜ੍ਹ ਫਿਲੌਰ ਤੋਂ ਚੱਲ ਕੇ ਲੁਧਿਆਣਾ, ਸਾਹਣੇਵਾਲ, ਗੁ. ਮੰਜੀ ਸਾਹਿਬ ਪਾ.ਛੇਵੀਂ ਨੇੜੇ ਪਾਇਲ, ਜ਼ਿਲ੍ਹਾ ਲੁਧਿਆਣਾ ਵਿਖੇ ਰਾਤ ਵਿਸ਼ਰਾਮ।

ਮਿਤੀ 27 ਦਸੰਬਰ ਦਿਨ ਸੋਮਵਾਰ ਸਵੇਰੇ 4.00 ਵਜੇ ਗੁ. ਮੰਜੀ ਸਾਹਿਬ (ਪਾ.ਛੇਵੀਂ) ਤੋਂ ਚੱਲ ਕੇ ਗੁ. ਫਤਹਿਗੜ੍ਹ ਸਾਹਿਬ, ਸਰਹਿੰਦ ਵਿਖੇ।



ਬਾਬਾ ਸੁਰਿੰਦਰ ਸਿੰਘ ਜੀ (ਮੁੱਖ ਸੇਵਾਦਾਰ)

ਉਦੇਸ਼ 1. ਨੌਜਵਾਨਾਂ ਨੂੰ ਨਸ਼ਿਆਂ ਤੋਂ ਰੋਕਣਾ। 2. ਭਰੂਣ ਹਤਿਆ ਨੂੰ ਰੋਕਣਾ। 3. ਦਹੇਜ ਪ੍ਰਥਾ ਨੂੰ ਠੱਲ ਪਾਉਣੀ। 4. ਨੌਜਵਾਨਾਂ ਨੂੰ ਧਰਮ ਵਿੱਚ ਰਹਿਕੇ ਉੱਚਾ-ਸੁੱਚਾ ਜੀਵਨ ਜੀਉਣ ਦਾ ਉਦੇਸ਼।

ਨੋਟ : ਦਾਸ ਸੁਰਿੰਦਰ ਸਿੰਘ ਜੀ ਵਲੋਂ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਗੁਰਬਾਣੀ ਸਿੱਖਿਆ, ਦੁਨਿਆਵੀ ਵਿਦਿਆ, ਕੀਰਤਨ ਦੀ ਸਿਖਲਾਈ ਹੋਸਟਲ ਅਤੇ ਲੰਗਰ ਦੀ ਫ੍ਰੀ ਸੇਵਾ ਸੁਵਿਧਾ ਦਿੱਤੀ ਜਾ ਰਹੀ ਹੈ। ਸੋ ਸੰਗਤਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ।

ਸੰਗਤਾਂ ਦੇ ਦਾਸ

ਬਾਬਾ ਸੁਰਿੰਦਰ ਸਿੰਘ (ਬਾਬਾ ਫੌਜਾ ਸਿੰਘ) ਸੁਭਾਨਾ, ਜਲੰਧਰ ਵਾਲੇ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ

ਸੰਪਰਕ : 77102-74139, 62849-19265, 97796-53103, 9501311613

Scanned with CamScanner







Scanned with CamScanner




# ਜੁਗਨੀ—ਇਕ ਲੋਕ ਵਿਰਾਸਤ

ਪੰਜਾਬੀ ਲੋਕ ਗਾਇਕੀ ਦੀਆਂ ਕਈ ਵੰਨਗੀਆਂ ਹਨ। ਜਿਵੇਂ ਕਿ ਟੱਪੇ, ਬੋਲੀਆਂ, ਗੀਤ ਤੇ ਮਾਹੀਆ ਆਦਿ। ਮੁਜ਼ਰਾ ਤੇ ਗ਼ਜ਼ਲ ਮੁਗਲ ਗਾਇਨ ਸ਼ੈਲੀ ਦੀ ਵਿਧਾ ਹੈ। ਦਾਦਰਾ, ਠੁਮਰੀ ਤੇ ਹਰ ਗਾਇਨ ਵਿਧਾਵਾ ਭਾਰਤੀ ਗਾਇਨ ਸ਼ੈਲੀ ਦੀਆਂ ਪੁਰਾਤਨ (ਕਲਾਸੀਕਲ) ਵਿਧਾਵਾਂ ਹਨ। ਗੁਰਬਾਣੀ ਗਾਇਨ ਵਿਚ ਵੀ ਵੱਖ ਵੱਖ ਰਾਗ ਨਿਰਧਾਰਤ ਕੀਤੇ ਗਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜਕਲ੍ਹ ਪੰਜਾਬੀ ਦੀ ਗਾਇਨ ਸ਼ੈਲੀ ਵਿਚ ਪੱਛਮੀ ਵਿਗਾੜ ਆ ਰਿਹਾ ਹੈ। ਅੱਜ ਗਾਇਨ ਕਲਾ ਮਨੁੱਖੀ ਮਨ ਨੂੰ ਸਕੂਨ ਦੇਣ ਵਾਲੀ ਨਹੀਂ ਰਹੀ। ਇਹ ਇਕ ਕੰਨ ਪਾੜਵਾਂ ਸ਼ੋਰ ਬਣ ਗਈ ਹੈ। ਸਾਡੀ ਪੰਜਾਬੀ ਗਾਇਨ ਸ਼ੈਲੀ ਦੀ ਹਰ ਵਿਧਾ ਦੇ ਹੋਂਦ ਵਿਚ ਆਉਣ ਪਿੱਛੇ ਕੋਈ ਨਾ ਕੋਈ ਕਹਾਣੀ ਜੁੜੀ ਹੋਈ ਹੈ। ਜਿਵੇਂ ਲੋਰੀ ਇਕ ਮਾਂ ਵੱਲੋਂ, ਮਾਂ ਬਣਨ ਦੀ ਹਸਰਤ ਪੂਰੀ ਹੋਣ ਤੇ ਇੱਕ ਮਾਂ ਹੀ ਗਾ ਸਕਦੀ ਹੈ।

ਮਾਹੀਏ ਪਿੱਛੇ ਵੀ ਇਕ ਲੋਕ ਕਹਾਣੀ ਹੈ। ਇਨ੍ਹਾਂ ਕਹਾਣੀਆਂ, ਕਲਪਨਾਵਾਂ ਦੇ ਨਾਲ ਨਾਲ ਥੋੜਾ ਬਹੁਤ ਯਥਾਰਥ ਵੀ ਹੋ ਸਕਦਾ ਹੈ। ਪੰਜਾਬੀ ਗਾਇਨ ਵਿਧਾ ਨਾਲ ਜੁੜੀ ਜੁਗਨੀ ਵਿਧਾ ਦਾ ਇਕ ਬਕਾਇਦਾ ਇਤਿਹਾਸ ਹੈ ਜਿਸ ਨਾਲ ਕੋਈ ਮਨਘੜਤ ਕਹਾਣੀ ਜੁੜੀ ਹੋਈ ਨਹੀਂ ਹੈ। ਅੱਜ ਦੇ ਇਸ ਕਾਲਮ ਰਾਹੀਂ ਅਸੀਂ ਆਪਣੇ ਪਾਠਕਾਂ ਨਾਲ ਪੰਜਾਬ ਦੀ ਗਾਇਨ ਸ਼ੈਲੀ ਦਾ ਇਤਿਹਾਸ ਸਾਂਝਾ ਕਰਨ ਜਾ ਰਹੇ ਹਾਂ।

ਜੁਗਨੀ ਦਾ ਜਨਮ 1906 ਈ. ਵਿਚ (ਭਗਤ ਸਿੰਘ ਅਤੇ ਸੁਖਦੇਵ ਦੇ ਜਨਮ ਸਮੇਂ ਹੋਇਐ) ਜਿਸ ਦੀ ਉਮਰ ਅੱਜ 107ਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਰਹੀ ਹੈ। ਪਰ ਅਫਸੋਸ ਕਿ ਇਸਦੇ ਇਤਿਹਾਸ ਤੋਂ ਅਣਜਾਣ ਗਾਇਕ ਕਲਾਕਾਰਾਂ ਨੇ ਇਸ ਗਾਇਨ ਵਿਧਾ ਦਾ ਜੋ ਮੌਜੂ ਉਡਾਕੇ ਇਸ ਦੇ ਯਥਾਰਥ ਨੂੰ, ਇਸਦੇ ਸੱਚ ਨੂੰ ਐਨਾ ਬੇਪਛਾਣ ਕੀਤਾ ਹੈ ਕਿ ਅਸੀਂ ਜੁਗਨੀ ਦੇ ਇਤਿਹਾਸ ਅੱਗੇ ਸ਼ਰਮਸਾਰ ਹਾਂ ਤੇ ਸਾਨੂੰ ਸ਼ਰਮਸਾਰ ਹੋਣਾ ਵੀ ਚਾਹੀਦਾ ਹੈ। ਅਸੀਂ ਆਪਣੀ ਵਿਰਾਸਤ ਨੂੰ ਵਿਗਾੜਨ ਦੇ ਦੋਸ਼ੀ ਹਾਂ। ਜੁਗਨੀ ਦੇ ਬੁਲੰਦ ਕਿਰਦਾਰ ਵਾਲੇ ਇਤਿਹਾਸ ਤੋਂ ਜਾਣੂੰ ਹੋ ਕੇ ਸਿਜਦਾ ਕਰਨਾ ਚਾਹੀਦਾ ਤੇ ਆਪਣੀ ਪੀੜ੍ਹੀ ਨੂੰ ਇਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ। ਇਸ ਦੇ ਇਤਿਹਾਸ ਤੋਂ ਜਾਣੂ ਹੋ ਕੇ ਆਪਣੇ ਆਪ ਤੇ ਸ਼ਰਮ ਵੀ ਆਈ ਕਿ ਬਚਪਨ ਵਿਚ ਐਵੇਂ ਮਾਣਕ ਦੀ ਗਾਈ ਜੁਗਨੀ (ਜੁਗਨੀ ਬੇਲੀਆਂ ਦੀ ਓਏ ਜੁਗਨੀਯਾਰਾਂ ਦੀ ਜੁਗਨੀ ਸੇਠਾਂ ਤੇ ਸਰਦਾਰਾਂ ਦੀ) ਸੁਣਕੇ ਸਿਰ ਹਿਲਾਉਂਦੇ ਰਹੇ ਜਾਂ ਗੁਸਲਖਾਨੇ ਵਿਚ ਵੜਕੇ ਨਹਾਉਂਦੇ ਸਮੇਂ ਗਾਉਂਦੇ ਰਹੇ। ਕਈ ਗਾਇਕਾਂ ਨੇ ਇਸ ਗਾਇਨ ਵਿਧਾ ਦਾ ਚਿਹਰਾ ਮੋਹਰਾ ਐਨਾ ਬੇਪਛਾਣ ਕਰ ਦਿੱਤਾ ਕਿ ਇਤਿਹਾਸ ਹਮੇਸ਼ਾ ਇਸ ਭੁੱਲ ਤੇ ਸ਼ਰਮਸਾਰ ਹੁੰਦਾ ਰਹੇਗਾ। ਪਰ ਕਈ ਵਾਰ ਗਾਇਕ ਨਾਲੋਂ ਲੇਖਕ ਵੱਧ ਦੋਸ਼ੀ ਹੁੰਦਾ ਹੈ। ਅਫਸੋਸ ਹੁੰਦਾ ਹੈ ਕਿ ਪੰਜਾਬੀ ਭਾਸ਼ਾ ਦੇ ਪਹਿਲਾਂ ਰਹੇ ਗੰਭੀਰ ਚਿੰਤਕ ਜੋ ਬਾਅਦ ਵਿਚ ਗੀਤਕਾਰੀ ਵੱਲ ਮੁੜਿਆ ਤੇ ਆਪਣੀ ਲਿਬੜੀ ਕਲਮ ਨਾਲ ਇਸ ਬੁਲੰਦ ਵਿਰਾਸਤ ਵਾਲੀ ਲੋਕ ਵਿਧਾ ਤੇ ਇਲਜਾਮ ਤਰਾਸ਼ੀ ਕੀਤੀ। ਉਸ ਗੀਤਕਾਰ ਨੇ ਵੀ ਜੁਗਨੀ ਦਾ ਇਤਿਹਾਸ ਨਹੀਂ ਵਾਚਿਆ। ਹੁਣ ਤੱਕ ਦੀ ਜੁਗਨੀ ਬਾਰੇ ਇਹੀ ਪੇਸ਼ਕਾਰੀ ਹੈ ਕਿ ਜੁਗਨੀ ਇਕ ਆਪਮੁਹਾਰੀ ਨੌਜਵਾਨ ਮੁਟਿਆਰ ਹੈ। ਜਿਸਦੇ ਮਾਪਿਆਂ, ਸਹੁਰਿਆਂ ਦਾ ਕੋਈ ਪਤਾ ਨਹੀਂ ਹੈ ਤੇ ਉਹ ਖਾਨਾਬਦੋਸ਼ਾਂ ਵਾਂਗ ਕਦੇ ਲੁਧਿਆਣੇ, ਕਦੇ ਜਲੰਧਰ, ਤੇ ਕਦੇ ਕਲਕੱਤੇ ਤੁਰੀ ਫਿਰਦੀ ਹੈ। ਪ੍ਰਚੱਲਤ ਪੇਸ਼ਕਾਰੀਆਂ ਅਨੁਸਾਰ ਜੁਗਨੀ ਪੰਜਾਬੀ ਗਾਇਨ ਸ਼ੈਲੀ ਦੀ ਨਾਇਕਾ ਹੈ ਤੇ ਸੁਭਾਵਿਕ ਹੈ ਕਿ ਇਹ ਪੰਜਾਬ ਦੀ ਧੀ ਦੀ ਤਸਵੀਰ ਹੈ। ਅਸੀਂ ਸਾਰੇ ਹੀ ਇਸਨੂੰ ਇਸ ਰੂਪ ਵਿਚ ਕਲਪਨਾ ਕਰੀ ਬੈਠੇ ਹਾਂ। ਪੰਜਾਬ ਦੀਆਂ ਚਾਰ ਪ੍ਰਮੁੱਖ ਯੂਨੀਵਰਸਿਟੀਆਂ ਹਨ। ਜਿਨ੍ਹਾਂ ਵਿਚ ਪੰਜਾਬੀ ਵਿਭਾਗ ਹਨ। ਦੋ ਯੂਨੀਵਰਸਿਟੀਆਂ ਪੀ. ਟੀ. ਯੂ ਤੇ ਇਕ ਲਵਲੀ ਯੂਨੀਵਰਸਿਟੀਆਂ ਵਿਚ ਬੈਠੇ ਵਿਦਵਾਨਾਂ ਤੇ ਉਚ ਅਹੁਦਿਆਂ ਤੇ ਬੈਠੇ ਅਧਿਕਾਰੀਆਂ ਤੇ ਵੀ ਹੈ ਜਿਨ੍ਹਾਂ ਨੇ ਖੋਜ ਕਰਕੇ ਜੁਗਨੀ ਦਾ ਲੋਕ ਪੱਖੀ ਤੇ ਇਨਕਲਾਬੀ ਇਤਿਹਾਸ ਲੋਕਾਂ ਸਾਹਮਣੇ ਨਹੀਂ ਲਿਆਂਦਾ ਜੇ ਅਜਿਹਾ ਖੋਜ ਕਾਰਜ ਕੀਤਾ ਹੁੰਦਾ ਤਾਂ ਜੁਗਨੀ ਬਾਰੇ ਪ੍ਰਚੱਲਤ ਸ਼ੈਲੀ ਸਥਾਪਤ ਨਹੀਂ ਸੀ ਹੋਣੀ। ਪੰਜਾਬੀ ਦੀਆਂ ਵੱਖ ਵੱਖ ਵਿਧਾਵਾਂ ਤੇ ਹਜ਼ਾਰਾਂ ਪੀ. ਐਚ. ਡੀਜ਼ ਹੋਈਆਂ ਹੋਣਗੀਆਂ। ਪਰ ਪਤਾ ਨਹੀਂ ਕਿਉਂ ਲੋਕ ਸ਼ੈਲੀ ਜੁਗਨੀ ਨੂੰ ਅਣਗੌਲਿਆ ਕੀਤਾ ਗਿਆ ਹੈ। ਹੋ ਸਕਦੈ ਕਿ ਇਸ ਬਾਰੇ ਖੋਜ ਹੋਈ ਹੋਵੇ। ਜਦੋਂ ਜੁਗਨੀ ਨੂੰ ਅਜਿਹੇ ਅੰਦਾਜ਼ ਵਿਚ ਗਾਇਨ ਕਰਕੇ ਸਥਾਪਤ ਕੀਤਾ ਜਾ ਰਿਹਾ ਸੀ ਜਾਂ ਹਰ ਕੋਈ ਜੁਗਨੀ ਨੂੰ ਮਨ ਆਏ ਢੰਗ ਨਾਲ ਗਾ ਕੇ ਮੌਜ ਉਡਾ ਰਿਹਾ ਹੋਵੇ ਤਾਂ ਇਹ ਖੋਜ ਸਾਹਮਣੇ ਕਿਉਂ ਨਹੀਂ ਆਈ। ਇਹ ਮਹਿਸੂਸ ਕਰਕੇ ਲੱਗਦਾ ਹੈ ਕਿ ਇਸ ਸਬੰਧ ਵਿਚ ਕੋਈ ਖੋਜ ਨਹੀਂ ਹੋਈ ਜਦੋਂ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਦੇ ਜਸ਼ਨ ਸ਼ੁਰੂ ਹੋਏ ਤਾਂ ਸਤੰਬਰ 2006 ਵਿਚ ਪੰਜਾਬੀ ਟ੍ਰਿਬਿਊਨ ਨੇ ਬਚਨ ਸਿੰਘ ਦਾ ਲੇਖ ਪ੍ਰਕਾਸ਼ਤ ਕਰਕੇ ਚਰਚਾ ਛੇੜੀ ਪਰ ਗੱਲ ਇਸ ਤੋਂ ਅੱਗੇ ਨਾ ਤੁਰ ਸਕੀ। ਲੇਖ ਪੜ੍ਹਕੇ ਪੜ੍ਹੇ ਲਿਖੇ ਕੁਝ ਬਜ਼ੁਰਗਾਂ ਨਾਲ ਗੱਲ ਬਾਤ ਕੀਤੀ। ਬਹੁਤਿਆਂ ਨੂੰ ਜੁਗਨੀ ਬਾਰੇ ਗਿਆਨ ਨਹੀਂ ਸੀ। 1992 ਵਿਚ ਪ੍ਰੋ. ਸਰਬਜੀਤ ਸਿੰਘ ਕਸੇਲ ਜੋ ਮੇਰੇ ਨਾਲ ਪੜ੍ਹਾਉਂਦੇ ਸਨ ਉਨ੍ਹਾਂ ਦੇ ਬੇਟੇ ਦੇ ਵਿਆਹ ਤੇ ਅੰਮ੍ਰਿਤਸਰ ਜਾਣ ਦਾ ਮੌਕਾ ਮਿਲਿਆ। ਪ੍ਰੋ. ਕਸੇਲ ਦਸੰਬਰ 92 ਵਿਚ ਹੀ ਰਿਟਾਇਰ ਹੋ ਗਏ। ਉਨ੍ਹਾਂ ਦੇ ਪਿਤਾ ਜੀ ਵੀ ਪੜ੍ਹੇ ਲਿਖੇ ਵਿਦਵਾਨ ਸਨ। ਉਨ੍ਹਾਂ ਤੋਂ ਇਸ ਬਾਰੇ ਪੁੱਛਿਆ ਤੇ ਉਨ੍ਹਾਂ ਨੇ ਜੋ ਦੱਸਿਆ ਉਹ ਥੋੜੇ ਬਹੁਤੇ ਫਰਕ ਨਾਲ ਮਾਸਟਰ ਬਚਨ ਸਿੰਘ ਨਾਲ ਮੇਲ ਖਾਂਦਾ ਸੀ।

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



ਜੁਗਨੀ ਕਾਵਿ ਕਲਾ ਨੂੰ ਗਾਉਣ ਦੀ ਸ਼ੁਰੂਆਤ ਅੰਮ੍ਰਿਤਸਰ ਦੇ ਮਾਝੇ ਇਲਾਕੇ ਦੇ ਦੋ ਗਾਇਕਾਂ ਨੇ ਸ਼ੁਰੂ ਕੀਤੀ। ਇਨ੍ਹਾਂ ਵਿਚੋਂ ਇਕ ਦਾ ਨਾਂ ਬਿਸ਼ਨ ਸਿੰਘ ਮਾਝੇ ਦਾ ਜੱਟ ਪਰਿਵਾਰ 'ਚੋਂ ਸੀ। ਦੂਜੇ ਦਾ ਨਾਂ ਮੰਦਾ (ਮੁਹੰਮਦ) ਸੀ। ਜੋ ਮੁਸਲਮਾਨ ਪਰਿਵਾਰ 'ਚੋਂ ਸੀ। ਗਾਉਣ ਦੇ ਸ਼ੌਕ ਕਾਰਨ ਇਨ੍ਹਾਂ ਨੇ ਆਪਣੀ ਜੋਟੀ ਬਣਾ ਲਈ। ਇਹ ਪਿੰਡਾਂ ਵਿਚ ਅਤੇ ਮੇਲਿਆਂ ਵਿਚ ਪਹਿਲਾਂ ਪਹਿਲਾਂ ਲੋਕ ਕਿੱਸੇ (ਮਿਰਜਾ ਸਾਹਿਬਾਂ, ਹੀਰ, ਸੱਸੀ) ਅਤੇ ਟੱਪੇ ਗਾਉਂਦੇ ਸਨ। ਜੁਗਨੀ ਦੀ ਕਾਢ ਉਨ੍ਹਾਂ ਨੇ 1906 ਵਿਚ ਕੱਢੀ ਸੀ। ਉਸ ਸਮੇਂ ਅੰਗਰੇਜ਼ਾਂ ਦੀ ਮਲਕਾ ਵਿਕਟੋਰੀਆ ਨੇ ਲਾਰਡ ਡਲਹੌਜੀ ਦੇ ਸਮੇਂ 1848 ਵਿਚ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਲ ਕਰ ਲਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਦਸ ਸਾਲ ਪਹਿਲਾਂ ਮੌਤ ਹੋ ਚੁੱਕੀ ਸੀ। ਉਸਦੇ ਆਲਸੀ ਵਾਰਸ ਰਾਜ ਸੰਭਾਲ ਨਾ ਸਕੇ। ਸਿੱਖਾਂ ਨੇ ਪਹਿਲਾ ਤੇ ਦੂਸਰਾ ਐਂਗਲੋ ਸਿੱਖ ਯੁੱਧ ਹਾਰਿਆ 1906 ਵਿਚ ਪੰਜਾਹ ਸਾਲ ਹੋਣ ਵਾਲੇ ਸਨ। ਅੰਗਰੇਜ਼ਾਂ ਨੇ ਸੋਚਿਆ ਕਿ ਉਨ੍ਹਾਂ ਨੂੰ ਇਕ ਜੋਤ ਜਗਾ ਕੇ ਸਾਰੀ ਦੁਨੀਆਂ ਵਿਚ ਫੇਰਨੀ ਚਾਹੀਦੀ ਹੈ ਕਿਉਂਕਿ ਉਸ ਸਮੇਂ ਅੰਗਰੇਜ਼ਾਂ ਦਾ ਰਾਜ ਸਾਰੀ ਦੁਨੀਆਂ ਵਿਚ ਸੀ। ਇੰਜ ਅੰਗਰੇਜ਼ਾਂ ਨੇ ਸਾਰੀ ਦੁਨੀਆਂ ਵਿਚ "ਜੁਬਲੀ ਫਲੇਮ" ਫੇਰੀ ਜਿਵੇਂ ਵਰਤਮਾਨ ਸਮੇਂ ਉਲੰਪਿਕ ਮਸ਼ਾਲ ਸਾਰੀ ਦੁਨੀਆਂ ਵਿਚ ਫੇਰੀ ਜਾਂਦੀ ਹੈ। ਜਾਂ ਸਾਡੇ ਸਿਆਸਤਦਾਨ ਆਪਣੇ ਰਾਜ ਦੇ ਸੌ ਦਿਨ ਜਾਂ ਚਾਰ ਸਾਲ ਪੂਰੇ ਕਰਨ ਤੇ ਰੋਡ ਸ਼ੋ, ਰਥ ਯਾਤਰਾ ਜਾਂ ਅਜਿਹਾ ਕੋਈ ਢਕਵੰਜ ਕਰਦੇ ਹਨ। ਇੰਜ ਅੰਗਰੇਜ਼ਾਂ ਨੇ ਜੁਬਲੀ ਫਲੇਮ ਸ਼ਬਦ ਨੂੰ ਸੋਨੇ ਦੇ ਕਲਸ਼ ਵਿਚ ਰੱਖ ਕੇ ਵਿਕਟੋਰੀਆ (ਮਲਕਾ) ਦੇ ਰਾਜ ਦੀ ਜੈ-ਜੈ ਕਾਰ ਕੀਤੀ ਤੇ ਭਾਰਤ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਫੇਰੀ ਗਈ। ਉਸ ਸਮੇਂ ਦੇ ਅਨਪੜ ਬਿਸ਼ਨੇ ਜੱਟ ਤੇ (ਮੁਹੰਮਦ) ਮੰਦ੍ਹੇ ਨੇ ਆਪਣੀ ਭਾਸ਼ਾ ਵਿਚ ਜੁਬਲੀ ਫਲੇਮ ਨੂੰ ਜੁਗਨੀ ਬਣਾ ਕੇ ਇਸਦਾ ਪੰਜਾਬੀ ਕਰਨ ਕਰ ਲਿਆ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਜੁਗਨੀ ਕੋਈ ਆਪ ਮੁਹਾਰੀ ਸ਼ਹਿਰ ਸ਼ਹਿਰ ਫਿਰਨ ਵਾਲੀ ਮੁਟਿਆਰ ਨਹੀਂ ਸੀ ਜਿਵੇਂ ਇਸਨੂੰ ਪੰਜਾਬੀ ਲੋਕ ਗਾਇਕੀ ਵਿਚ ਕੋਝੇ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਮੰਦਾ ਤੇ ਬਿਸ਼ਨਾ ਪਾਕਿਸਤਾਨ ਦੇ ਕਸੂਰ, ਅਜਨਾਲਾ ਤੇ ਮਾਝੇ ਵਿਚ ਲੱਗਣ ਵਾਲੇ ਮੇਲਿਆਂ ਵਿਚ ਗਾਉਂਦੇ। ਮੰਦ੍ਹਾ ਢੱਡ ਵਜਾਉਂਦਾ ਤੇ ਬਿਸ਼ਨਾ ਕਿੰਗ ਵਜਾਉਂਦਾ ਸੀ। ਉਹ ਦੋਵੇਂ ਇਕੱਠੇ ਗਾਉਂਦੇ ਤੇ ਦੋਹਾਂ ਦੀ ਜੋੜੀ ਬਹੁਤ ਮਸ਼ਹੂਰ ਸੀ। ਉਸ ਸਮੇਂ ਅੰਗਰੇਜ਼ਾਂ ਖਿਲਾਫ਼ ਅਜ਼ਾਦੀ ਲਹਿਰ ਮੱਧਮ ਸੀ ਪਰ ਲੋਕਾਂ ਵਿਚ ਅੰਗਰੇਜ਼ਾਂ ਦੀਆਂ ਵਧੀਕੀਆਂ ਵਿਰੁੱਧ ਧੁਖ ਰਿਹਾ ਗੁੱਸਾ ਜ਼ਰੂਰ ਸੀ। ਉਸ ਸਮੇਂ ਅੰਗਰੇਜ਼ਾਂ ਦੀਆਂ ਵਧੀਕੀਆਂ ਵਿਰੁੱਧ ਧੁਖ ਰਿਹਾ ਗੁੱਸਾ ਜ਼ਰੂਰ ਸੀ। ਉਸ ਸਮੇਂ ਅੰਗਰੇਜ਼ਾਂ ਦੇ ਕੀਤੇ, ਕੁਝ ਦੇਖੇ, ਕੁਝ ਮਾਂ ਬਾਪ ਤੋਂ ਸੁਣੇ ਤੇ ਮਹਿਸੂਸ ਕੀਤੇ ਦੁਖਾਂਤਾਂ ਨੂੰ ਜੁਗਨੀ ਦੇ ਛੰਦਾਂ ਵਿਚ ਢਾਲਕੇ ਜੁਗਨੀ ਨੂੰ ਲੋਕ ਪੀੜ, ਲੋਕ ਹਿੱਤਾਂ ਦਾ ਪ੍ਰਤੀਕ ਬਣਾਇਆ। ਇਨ੍ਹਾਂ ਛੰਦਾਂ ਵਿਚ ਅੰਗਰੇਜ਼ਾਂ ਵਲੋਂ ਕੀਤੀ ਜਾਂਦੀ ਲੁੱਟ ਕਾਰਨ ਪਨਾਪ ਰਹੀ ਗਰੀਬੀ, ਲਚਾਰੀ ਤੇ ਮਜਲੂਮਾਂ ਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਵਿਸ਼ਾ ਵਸਤੂ ਬਣਾ ਕੇ ਗਾਇਆ। ਜੁਗਨੀ ਦੇ ਇਹ ਛੰਦ ਐਨੇ ਮਕਬੂਲ ਹੋਏ ਕਿ ਆਮ ਲੋਕ ਗਾਉਣ ਲੱਗੇ। ਅੰਗਰੇਜ਼ ਜਿਹੜੇ ਸ਼ਹਿਰ ਵੀ ਜੁਬਲੀ ਫਲੇਮ ਲੈ ਕੇ ਜਾਂਦੇ ਬਿਸ਼ਨਾ ਤੇ ਮੰਦ੍ਹਾ ਉਥੇ ਜਾ ਕੇ ਆਪਣਾ ਅਖਾੜਾ ਲਗਾ ਲੈਂਦੇ। ਗੁਜਰਾਂਵਾਲਾ ਸ਼ਹਿਰ ਵਿਚ ਅੰਗਰੇਜ਼ਾਂ ਦੀ ਫਲੇਮ ਜੁਬਲੀ ਨਾਲੋਂ ਮੰਦੇ ਤੇ ਬਿਸ਼ਨੇ ਹੋਰਾਂ ਦੇ ਅਖਾੜੇ ਵਿਚ ਵੱਧ ਇਕੱਠ ਹੋ ਗਿਆ। ਅੰਗਰੇਜ਼ਾਂ ਨੂੰ ਇਹ ਇਕੱਠ ਆਪਣੀ ਹੇਠੀ ਮਹਿਸੂਸ ਹੋਇਆ। ਉਨ੍ਹਾਂ ਨੂੰ ਬਿਸ਼ਨੇ ਅਤੇ ਮੰਦ੍ਹੇ ਦੀ ਜੁਗਨੀ ਦੇ ਬਗਾਵਤੀ ਬੋਲ ਰਾਸ ਨਾ ਆਏ ਕਿਉਂਕਿ ਇਸ 'ਚੋਂ ਬਗਾਵਤ ਦੀ ਅੱਗ ਝਲਕਦੀ ਸੀ। ਗੁਜਰਾਂਵਾਲੇ ਦੇ ਅਖਾੜੇ ਨੇ ਲੋਕਾਂ ਨੂੰ ਕੀਲ ਲਿਆ ਤੇ ਅੰਗਰੇਜ਼ਾਂ ਨੇ ਜਸ਼ਨ ਫਿੱਕੇ ਪੈ ਗਏ। ਅੰਗਰੇਜ਼ ਸਰਕਾਰ ਨੇ ਮੁਹੰਮਦ (ਮੰਦ੍ਹਾ) ਨੂੰ ਤੇ ਬਿਸ਼ਨ ਸਿੰਘ ਨੂੰ ਫੜਕੇ ਅਣਮਨੁੱਖੀ ਤਸ਼ੱਦਦ ਕੀਤਾ ਜਿਸ ਨਾਲ ਜੁਗਨੀ ਦੇ ਸਿਰਜਣਹਾਰੇ ਇਨ੍ਹਾਂ ਕ੍ਰਾਂਤੀਕਾਰੀਆਂ ਲੋਕ ਗਾਇਕਾਂ ਦੀ ਮੌਤ ਹੋ ਗਈ। ਬਿਸ਼ਨ ਸਿੰਘ ਤੇ ਮੰਦ੍ਹੇ ਦੀ ਲਾਸ਼ ਨੂੰ ਠਾਣੇ 'ਚੋਂ ਰਾਤ ਨੂੰ ਕੱਢਕੇ ਵਿਰਾਨ ਥਾਂ ਤੇ ਕਿਸੇ ਕਬਰਸਤਾਨ ਵਿਚ ਦੱਬ ਦਿੱਤਾ। ਬਿਲਕੁਲ ਉਸੇ ਤਰ੍ਹਾਂ ਜਿਵੇਂ ਇਸ ਤੋਂ ਢਾਈ ਦਹਾਕੇ ਬਾਅਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇਣ ਉਪਰੰਤ ਜੇਲ੍ਹ ਭੰਨਕੇ ਲਾਸ਼ਾਂ ਨੂੰ ਹੁਸੈਨੀਵਾਲੇ ਵਿਖੇ ਤੇਲ ਪਾ ਕੇ ਅਗਨ ਭੇਟ ਕੀਤਾ ਗਿਆ ਸੀ। ਇੰਝ ਇਹ ਦੋਵੇਂ ਪੰਜਾਬਾਂ ਦੇ ਪੰਜਾਬੀ ਭਾਸ਼ਾ ਦੀ ਗਾਇਨ ਵਿਧਾ ਜੁਗਨੀ ਦੇ ਪਹਿਲੇ ਸ਼ਹੀਦ ਹਨ। ਇੰਜ ਜੁਗਨੀ ਦਾ ਜਨਮ ਸ਼ਹਾਦਤਾਂ 'ਚੋਂ ਹੋਇਆ ਹੈ। ਪਰ ਹੁਣ ਤੱਕ ਜੁਗਨੀ ਲਿਖਣ ਵਾਲਿਆਂ ਨੇ ਤੇ ਗਾਉਣ ਵਾਲਿਆਂ ਨੇ ਊਟ ਪਟਾਂਗ ਗਾ ਕੇ ਧੂੜ 'ਚ ਟੱਟੂ ਦਬੱਲਿਆ ਹੈ ਉਨ੍ਹਾਂ ਨੂੰ ਜੁਗਨੀ ਦੇ ਇਤਿਹਾਸ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਤੁਸੀਂ ਵੀ ਇਨ੍ਹਾਂ ਜੁਗਨੀ ਗਾਉਣ ਤੇ ਲਿਖਣ ਵਾਲਿਆਂ ਨੂੰ ਇਸਦੇ ਇਤਿਹਾਸ ਬਾਰੇ ਪੁੱਛ ਕੇ ਦੇਖਿਓ। ਜੇ ਉਹ ਇਤਿਹਾਸ ਜਾਣਦੇ ਹੋਣ ਤਾਂ ਉਲਾਂਭਾ ਜ਼ਰੂਰ ਦੇਣਾ ਕਿ ਉਹ ਪੰਜਾਬੀ ਗਾਇਕੀ ਦੀਆਂ ਮਿਆਰੀ ਵਿਧਾਵਾਂ ਦੀਆਂ ਜੜਾਂ ਵਿਚ ਤੇਲ ਕਿਉਂ ਦੇ ਰਹੇ ਹਨ ? ਜੇ ਉਨ੍ਹਾਂ ਨੂੰ ਨਾ ਪਤਾ ਹੋਇਆ ਤਾਂ ਜੁਗਨੀ ਦਾ ਲੋਕਾਂ ਨੂੰ ਜਾਗਰੂਕ ਕਰਨ ਵਾਲਾ ਮੁਹਾਂਦਰਾ ਜ਼ਰੂਰ ਦੱਸਿਓ। ਇਕ ਗੱਲ ਸਾਫ ਹੈ ਕਿ ਜੁਗਨੀ ਦਾ ਅਸਲ ਮੁਹਾਦਰਾ ਨਾ ਤਾਂ ਅੰਗਰੇਜ਼ਾਂ ਨੂੰ ਮਾਫਕ ਸੀ। ਇਹ ਪਾਕਿਸਤਾਨ ਅਤੇ ਸਾਡੇ ਇਧਰਲੇ ਹਾਕਮਾਂ ਨੂੰ ਵੀ ਮਾਫਕ ਨਹੀਂ ਆਉਣਾ। ਮਾਸਟਰ ਬਚਨ ਸਿੰਘ ਅਨੁਸਾਰ ਇਨ੍ਹਾਂ ਦੇ ਵੰਸ਼ ਬਾਰੇ ਬਹੁਤਾ ਇਲਮ ਨਹੀਂ। ਪਰ ਇਹ ਦੋਵੇਂ ਗਵੱਈਏ ਅਣਵਿਆਹੇ ਸਨ। ਅਣਵਿਆਹੇ ਹੋਣ ਕਾਰਨ ਹੀ ਇਨ੍ਹਾਂ ਦੀ ਜੋੜੀ ਬਣੀ। 1906 ਵਿਚ ਇਨ੍ਹਾਂ ਗਾਇਕਾਂ ਦੀ ਉਮਰ 50 ਕੁ ਸਾਲ ਦੀ ਸੀ। ਹੁਣ ਦੱਸੋ ਕਿ ਕੀ ਸਾਡੇ ਦੁੱਧ ਪੀਣੇ ਮਜਨੂੰਆ ਵਰਗੇ ਲੁੱਚੇ ਗਾਇਕ ਪੰਜਾਬੀ ਮਾਂ-ਬੋਲੀ ਪ੍ਰਤੀ ਜਾਨਾਂ ਵਾਰ ਕੇ ਅਜਿਹੀ ਸੇਵਾ ਕਰ ਸਕਦੇ ਹਨ ? ਬਿਲਕੁਲ ਨਹੀਂ ਕਿਉਂਕਿ ਇਹ ਤਾਂ ਮਾਂ-ਬੋਲੀ ਨੂੰ ਵੇਚਕੇ ਖਾਣ ਵਾਲੇ ਹਨ। ਪੰਜਾਬੀ ਮਾਂ ਬੋਲੀ ਨੂੰ ਇਨ੍ਹਾਂ ਦੀਆਂ ਅਜਿਹੀਆਂ ਲੋਕ ਵਿਰੋਧੀ ਸੇਵਾਵਾਂ ਦੀ ਕੋਈ ਲੋੜ ਵੀ ਨਹੀਂ ਹੈ। ਮੁਹੰਮਦ (ਮੁੰਦ੍ਹੇ) ਤੇ ਬਿਸ਼ਨ ਸਿੰਘ ਦੀ ਬਣਾਈ ਜੁਗਨੀ ਭਾਵੇਂ ਹਰ ਥਾਂ ਗੂੰਜ ਰਹੀ ਹੈ ਪਰ ਇਸ ਜੁਗਨੀ ਦਾ ਮੁਹਾਂਦਰਾ ਮੰਦ੍ਹੇ ਤੇ ਬਿਸ਼ਨ ਸਿੰਘ ਵਾਲਾ ਨਹੀਂ ਹੈ। ਉਹ ਜੁਗਨੀ ਕ੍ਰਾਂਤੀਕਾਰੀ ਸੀ, ਇਨਕਲਾਬੀ ਸੀ ਜੋ ਲੋਕਾਂ ਨੂੰ ਜਾਗਰੂਕ ਕਰਦੀ ਸੀ। ਅੱਜ ਗਾਈ ਜਾ ਰਹੀ ਜੁਗਨੀ ਸੁਣਨ ਵਾਲਿਆਂ ਦੇ ਕੰਨਾਂ ਵਿਚ ਆਪ ਮੁਹਾਰੀ ਮੁਟਿਆਰ ਦੇ ਕਾਮਕ ਸੰਵੇਗਾਂ ਨੂੰ ਪੇਸ਼ ਕਰਦੀ ਹੈ। ਲੋੜ ਇਸ ਗੱਲ ਦੀ ਹੈ ਕਿ ਗਾਇਕ ਕਲਾਕਾਰਾ ਜੁਗਨੀ ਦਾ ਅਸਲ ਅਕਸ ਪੇਸ਼ ਕਰਕੇ ਲੋਕ ਦਰਦ ਨੂੰ, ਲੋਕ ਕਾਵਿ ਬਣਾਕੇ ਗਾਉਣ ਦਾ ਅਹਿਸਾਸ ਪੈਦਾ ਕੀਤਾ ਜਾਵੇ। ਮੁਹੰਮਦ ਅਤੇ ਬਿਸ਼ਨੇ ਦੀ ਜੁਗਨੀ ਦੇ ਕੁਝ ਮੌਲਿਕ ਛੰਦ ਇਹ ਹਨ।

ਜੁਗਨੀ ਜਾ ਵੜੀ ਮਜੀਠੇ, ਕੋਈ ਰੰਨ ਨਾ ਆਟਾ ਪੀਠੇ,
ਪੁੱਤਰ ਗੱਭਰੂ ਮੁਲਕ ਵਿਚ ਮਾਰੇ, ਰੋਵਣ ਅੱਖੀਆਂ ਬੁੱਲ ਨੇ ਸੀਤੇ,
ਪੀਰ ਮੇਰਿਆ ਓਏ ਜੁਗਨੀ ਆਈ ਹੈ।
ਇਨ੍ਹਾਂ ਕਿਹੜੀ ਜੋਤ ਜਗਾਈ ਐ।

ਜੁਗਨੀ ਜਾ ਵੜੀ ਲੁਧਿਆਣੇ, ਲੋਕੀਂ ਮਰਦੇ ਭੁੱਖਣ ਭਾਣੇ
ਮਾਰਨ ਮੁੱਕੀਆਂ ਮੰਗਣ ਦਾਣੇ, ਉਹਨੂੰ ਪੈ ਗਏ ਅੰਨੇ ਕਾਣੇ
ਪੀਰ ਮੇਰਿਆ ਓ ਜੁਗਨੀ ਕਹਿੰਦੀ ਐ, ਕਿਥੇ ਦੇਈਏ ਰੋਟੀ ਮਹਿੰਗੀ ਐ
ਪੀਰ ਮੇਰਿਆ ਓ ਜੁਗਨੀ ਕਹਿੰਦੀ ਐ, ਜਿਹੜਾ ਨਾਂ ਅਲੀ ਦਾ ਲੈਂਦੀ ਐ।

ਜੁਗਨੀ ਜਾ ਵੜੀ ਕਲਕੱਤੇ, ਜਿੱਥੇ ਇਕ ਰੋਟੀ ਨਾ ਪੱਕੇ
ਭੁਖੇ ਢਿੱਡ ਪਾਣੀ ਨਾ ਪੱਚੇ, ਫੜਦੇ ਮੱਛੀਆਂ ਜਾਲ ਨੇ ਕੱਚੇ
ਰੁੜ ਗਏ ਮਾਪੇ ਰੋਂਦੇ ਬੱਚੇ, ਸਾਡੀ ਭੁੱਖ ਨੇ ਸੁਰਤ ਭੰਵਾਈ ਐ
ਇਹ ਕੇਹੀ ਜੁਗਨੀ ਆਈ ਐ, ਪੀਰ ਮੇਰਿਆ ਓਏ ਜੁਗਨੀ ਆਈ ਹੈ।
ਇਨ੍ਹਾਂ ਕਿਹੜੀ ਜੋਤ ਜਗਾਈ ਐ।

ਜੁਗਨੀ ਜਾ ਵੜੀ ਬੰਬਈ, ਟਾਟੇ ਹੋਟਲ ਬਣਾਏ ਕਈ
ਏਥੇ ਮੌਜ ਗੋਰਿਆਂ ਲਈ, ਇਹ ਕੇਹੇ ਚੋਜ਼ ਅਮੀਰਾਂ ਦੇ
ਇਹ ਮਰੀਆਂ ਹੋਈਆਂ ਜਮੀਰਾਂ ਦੇ, ਇਹ ਜੁਗਨੀ ਨਹੀਂ ਹੈ ਲੋਕਾਂ ਦੀ
ਇਹ ਕਾਲੀਆਂ ਚਿੱਟੀਆਂ ਜੋਕਾਂ ਦੀ, ਇਹ ਜਾਂਦੀ ਖੂਨ ਮੁਕਾਈ ਐ
ਇਨ੍ਹਾਂ ਕਿਹੜੀ ਜੋਤ ਜਗਾਈ ਐ।

ਜੁਗਨੀ ਜਾ ਵੜੀ ਜਲੰਧਰ, ਗੋਰੇ ਕਰਦੇ ਨਿੱਤ ਅਡੰਬਰ
ਬੋਲੇ ਕੋਈ ਤਾਂ ਕਰਦੇ ਅੰਦਰ, ਮਨ ਸੁਲਘੇ ਬਣਗੇ ਖੰਗਰ
ਹੁਣ ਭਾਂਬੜ ਬਣਨ ਤੇ ਆਈ ਐ, ਪੀਰ ਮੇਰਿਆ ਓਏ ਜੁਗਨੀ ਆਈ ਹੈ।
ਇਨ੍ਹਾਂ ਕਿਹੜੀ ਜੋਤ ਜਗਾਈ ਐ।

ਉਸ ਸਮੇਂ ਕਿਉਂਕਿ ਅੰਗਰੇਜ਼ ਜੁਬਲੀ ਫਲੇਮ ਨੂੰ ਹਰ ਸ਼ਹਿਰ ਲੈ ਕੇ ਜਾਂਦੇ ਸਨ। ਇਸ ਤੱਥ ਵਿਚੋਂ ਹੀ ਜੁਗਨੀ ਜਾ ਵੜੀ ਲੁਧਿਆਣੇ, ਜੁਗਨੀ ਜਾ ਵੜੀ ਜਲੰਧਰ, ਜੁਗਨੀ ਜਾ ਵੜੀ ਕਲਕੱਤੇ ਜਿੱਥੇ ਇਕੋ ਰੋਟੀ ਪੱਕੇ ਵਰਗੇ ਸ਼ੁਰੂਆਤੀ ਗਾਇਨ ਮੁਖੜੇ ਇਸ ਵਿਧਾ ਨਾਲ ਜੁੜੇ ਹੋਏ ਹਨ। ਜੁੜੇ ਤਾਂ ਇਹ ਅੱਜ ਵੀ ਹਨ ਪਰ ਇਨ੍ਹਾਂ ਵਿਚ ਗਲਤ ਭਾਵ ਭਰੇ ਹੋਏ ਹਨ। ਸਤੰਬਰ 2013 ਵਿਚ ਜੁਗਨੀ ਦਾ, ਮੰਦ੍ਹੇ ਦਾ ਬਿਸ਼ਨ ਸਿੰਘ ਦੀ ਸ਼ਹਾਦਤ ਦੀ 107ਵੀਂ ਸ਼ਤਾਬਦੀ ਹੈ। ਆਓ ਪੰਜਾਬੀ ਗਾਇਨ ਕਲਾ ਜੁਗਨੀ ਨੂੰ ਸਿਜਦਾ ਕਰਕੇ ਇਸਦੇ ਅਕਸ ਤੇ ਪਈ ਵਰ੍ਹਿਆਂ ਦੀ ਗਰਦਿਸ਼ ਨੂੰ ਹਟਾਕੇ ਇਸਦੇ ਅਸਲੀ ਮੁਹਾਂਦਰੇ ਨੂੰ ਲੋਕ ਸੱਥ ਵਿਚ ਲੈ ਕੇ ਜਾਈਏ ਤਾਂ ਜੋ ਜੁਗਨੀ ਕਿਰਤੀ ਲੋਕਾਂ ਲਈ ਜਬਰ ਜ਼ੁਲਮ ਤੇ ਭੁੱਖ ਦੇ ਸਤਾਏ ਲੋਕਾਂ ਲਈ ਜਾਗੋ ਬਣੇ। ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲਿਓ ਜੁਗਨੀ ਨੂੰ ਇਹ ਮਾਣ ਸਤਿਕਾਰ ਵਿਰਸੇ ਪ੍ਰਤੀ ਲਾਪ੍ਰਵਾਹ ਹਕੂਮਤਾਂ ਨੇ ਨਹੀਂ ਦੇਣਾ। ਬੜੇ ਦੁੱਖ ਦੀ ਗੱਲ ਹੈ ਕਿ ਇਹ ਸਰਕਾਰਾਂ ਤਾਂ ਲੋਕਾਂ ਨੂੰ ਸਾਡੀ ਵਿਰਾਸਤ ਨੂੰ ਸ਼ਰਾਬ ਦੀਆਂ ਬੋਤਲਾਂ ਤੇ ਲਿਖ ਕੇ ਦੇ ਸਕਦੀਆਂ ਹਨ। ਕਿਸੇ ਨੀਲੇ ਚਿੱਟੇ ਹਾਕਮਾਂ ਨੇ ਨਹੀਂ ਸੋਚਿਆ ਕਿ ਅਸੀਂ ਕੀ ਕਰ ਰਹੇ ਹਾਂ। ਸ਼ਰਾਬ ਦੀ ਬੋਤਲ ਤੇ ਗ਼ਦਰ ਲਿਖਕੇ ਵੇਚਣ ਵਾਂਗ ਤੁਸੀਂ ਕਿਸੇ ਵੀ ਠੇਕੇ ਦੀ ਖਿੜਕੀ 'ਚੋਂ ਦੇਸੀ ਸ਼ਰਾਬ ਦੀ ਜੁਗਨੀ ਲਿਖੀ ਬੋਤਲ ਲੈ ਸਕਦੇ ਹੋ। ਸ਼ਰਾਬ ਦੀ ਬੋਤਲ ਤੇ ਲਿਖੀ ਹੀਰ ਦੀ ਬੋਤਲ ਵੀ ਪੀ ਸਕਦੇ ਹੋ। ਕੀ ਵਿਰਾਸਤ ਨੂੰ ਇਸ ਤਰ੍ਹਾਂ ਸਤਿਕਾਰ ਦਿੱਤਾ ਜਾਂਦਾ ਹੈ ? ਉੱਚਾ ਚੁੱਕਿਆ ਜਾਂਦਾ ਹੈ ? ਕਦੇ ਸੋਚ ਕੇ ਦੇਖਿਓ ਹੋ ਸਕੇ ਤਾਂ ਵਿਦੇਸ਼ਾਂ 'ਚ ਆਉਂਦੇ ਅਕਲ ਦੇ ਅੰਨੇ ਲੀਡਰਾਂ ਨੂੰ ਸਵਾਲ ਵੀ ਕਰਿਓ।

ਆਓ ਪੰਜਾਬੀ ਬੋਲੀ ਦੀ ਇਸ ਗਾਇਨ ਵਿਧਾ ਦੇ ਸੱਚੇ ਸੁੱਚੇ ਰੂਪ ਨੂੰ ਅਤੇ ਜੁਗਨੀ ਦੇ ਸਿਰਜਣਹਾਰ ਸ਼ਹੀਦਾਂ ਦੀ ਮੁਹੰਮਦ ਅਤੇ ਬਿਸ਼ਨ ਸਿੰਘ ਨੂੰ ਇਸ ਗਾਇਨ ਵਿਧਾ ਦੇ ਸ਼ਹੀਦਾਂ ਵਜੋਂ ਪੰਜਾਬੀ ਭਾਸ਼ਾ ਤੇ ਸਭਿਆਚਾਰ ਪੂਰੀ ਸ਼ਹਾਦਤ ਦੇਣ ਵਾਲੇ ਨਾਇਕਾਂ ਵਜੋਂ ਸਥਾਪਤ ਕਰੀਏ। ਇਸ ਦੇ ਖ਼ੂਨੀ ਪੱਤਰਿਆਂ ਨੂੰ ਆਪਣੇ ਮਨ ਅਤੇ ਵਿਰਾਸਤ ਦੇ ਵਰਕਿਆਂ ਤੇ ਐਨਾ ਗੂੜਾ ਲਿਖੀਏ ਕਿ ਭਵਿੱਖ ਵਿਚ ਜੁਗਨੀ ਲਿਖਣ ਵਾਲੇ ਅਤੇ ਗਾਉਣ ਵਾਲੇ ਜੁਗਨੀ ਦੇ ਅਰਥਾਂ ਨਾਲ ਅਨਰਥ ਨਾ ਕਰ ਸਕਣ। ਜੁਗਨੀ ਭਾਰਤ ਤੇ ਪਾਕਿਸਤਾਨ ਦੀ ਪੰਜਾਬੀ ਮਾਂ ਬੋਲੀ ਦੀ ਸਾਂਝੀ ਲੋਕ ਵਿਰਾਸਤ ਹੈ। ਇਸਦੀ ਹਕੀਕਤ ਨੂੰ ਆਪਣੇ ਕਲਾਵੇ ਵਿਚ ਭਰਕੇ ਨਿੱਘ ਦਾ ਅਹਿਸਾਸ ਕਰਨਾ। ਜੇ ਅਜਿਹਾ ਕਰੋਗੇ ਤਾਂ ਜੇ ਕੋਈ ਮਾਂ ਬੋਲੀ ਦੀ ਇਸ ਗਾਇਨ ਵਿਧੀ ਨਾਲ ਕੁਤਾਹੀ ਕਰੇ ਤਾਂ ਤੁਹਾਡੇ ਅੰਦਰ ਉਸਨੂੰ ਰੋਕਣ ਦੀ ਜੁਅਰਤ ਹੋਵੇਗੀ। ਤੁਹਾਡੇ ਅੰਦਰ ਜੁਗਨੀ ਦਾ ਇਤਿਹਾਸ ਦੱਸਣ ਦਾ ਹੌਸਲਾ ਪੈਦਾ ਹੋਵੇ। ਦੋਹਾਂ ਪੰਜਾਬਾਂ ਦੇ ਪੰਜਾਬੀਆਂ ਤੋਂ ਇਸੇ ਵਿਸ਼ਵਾਸ ਨਾਲ ਤੁਹਾਡਾ ਸਭ ਦਾ ਗੁਰਮੇਲ ਸਿੰਘ ਬੌਡੇ।

Scanned with CamScanner

# ਮੋਗਾ ਦੇ ਪੰਜਾਬੀ ਜੁੱਤੀ ਬਾਜ਼ਾਰ ਦਾ ਹੈ ਦੁਨੀਆ 'ਚ ਵਿਸ਼ੇਸ਼ ਸਥਾਨ



ਪੰਜਾਬੀ ਆਪਣੀ ਜ਼ਿੰਦਾ ਦਿਲੀ, ਮਿਲਾਪੜੇ ਸੁਭਾਅ ਤੇ ਪਹਿਰਾਵੇ ਸਦਕਾ ਕੁੱਲ ਦੁਨੀਆਂ ਵਿਚ ਵੱਖਰੀ ਜਾਣੇ ਜਾਂਦੇ ਹਨ। ਪੰਜਾਬੀ ਪਹਿਰਾਵੇ ਦੇ ਮੁੱਢ ਤੋਂ ਲੈ ਕੇ ਹੁਣ ਤੱਕ ਇਸ ਵਿਚ ਪੰਜਾਬੀ ਜੁੱਤੀ ਦਾ ਵਿਸ਼ੇਸ਼ ਸਥਾਨ ਰਿਹਾ ਹੈ ਤੇ ਪੰਜਾਬੀ ਜੁੱਤੀ ਪੰਜਾਬੀ ਪਹਿਰਾਵੇ ਦਾ ਪਹਿਚਾਣ ਚਿੰਨ੍ਹ ਰਹੀ ਹੈ। ਪੰਜਾਬੀ ਸੰਸਕ੍ਰਿਤੀ ਪੇਂਡੂ ਸੱਭਿਆਚਾਰ ਤੇ ਗੀਤ-ਸੰਗੀਤ ਵਿਚ ਵੀ ਪੰਜਾਬੀ ਜੁੱਤੀ ਦਾ ਹੁੰਦਾ ਜ਼ਿਕਰ ਵਿਸ਼ੇਸ਼ ਸਥਾਨ ਰੱਖਦਾ ਹੈ। ਮੋਗਾ ਸ਼ਹਿਰ ਵਿਚ ਪੰਜਾਬੀ ਜੁੱਤੀਆਂ ਦਾ ਵੱਡਾ ਬਾਜ਼ਾਰ ਹੈ ਤੇ ਮੋਗੇ ਦੀ ਬਣੀ ਪੰਜਾਬੀ ਜੁੱਤੀ ਪੂਰੇ ਵਿਸ਼ਵ ਵਿਚ ਵਿਸ਼ੇਸ਼ ਪ੍ਰਸਿੱਧੀ ਰੱਖਦੀ ਹੈ। ਅੰਡਰ ਬ੍ਰਿਜ ਰੋਡ 'ਤੇ ਦੋਵੇਂ ਪਾਸੇ ਦੁਕਾਨਦਾਰ ਪੰਜਾਬੀ ਜੁੱਤੀਆਂ ਨੂੰ ਆਪਣੀਆਂ ਦੁਕਾਨਾਂ ਦਾ ਸ਼ਿਗਾਰ ਬਣਾ ਕੇ ਸਜਾਈ ਬੈਠੇ ਹਨ, ਜਿਸ ਨੂੰ ਖਰੀਦਣ ਲਈ ਦੂਰ-ਦੁਰਾਡੇ ਇਲਾਕਿਆਂ ਸਮੇਤ ਵਿਦੇਸ਼ੀ ਸੈਲਾਨੀ ਵੀ ਗੇੜੇ ਮਾਰਦੇ ਹਨ। ਭਾਵੇਂ ਬਾਜ਼ਾਰਾਂ ਵਿਚ ਚੱਲੇ ਬਰਾਂਡਿਡ ਜੁੱਤੀਆਂ ਤੇ ਅਰਾਮਦਾਇਕ ਸਪੋਰਟਸ ਸ਼ੂਜ ਦੇ ਰੁਝਾਨ ਨੇ ਇਸ ਹੱਥੀਂ ਕਿਰਤ ਦੇ ਧੰਦੇ ਨੂੰ ਵੱਡਾ ਖੋਰਾ ਲਾਇਆ ਹੈ, ਬਾਵਜੂਦ ਇਸ ਦੇ ਇਨ੍ਹਾਂ ਕਲਾਕਾਰਾਂ ਦੀ ਮਿਹਨਤ ਦੇ ਕਦਰਦਾਨ ਮਰਦ, ਔਰਤਾਂ ਪੰਜਾਬੀ ਜੁੱਤੀਆਂ ਨੂੰ ਆਪਣੇ ਪਹਿਰਾਵੇ ਦਾ ਵਿਆਹ ਸ਼ਾਦੀਆਂ 'ਤੇ ਨਿੱਤ ਦੇ ਸਮਾਗਮ ਵਿਚ ਸ਼ਾਮਲ ਕਰ ਆਪਣੀ ਦਿੱਖ ਨੂੰ ਫੱਬਵੀਂ ਬਣਾਉਂਦੇ ਹਨ।

ਅਜੋਕੇ ਫੈਸ਼ਨ ਪ੍ਰਸਤ ਨੌਜਵਾਨਾਂ ਅਤੇ ਰਾਜਸੀ ਵਰਗ ਵਿਚ ਪੰਜਾਬੀ ਜੁੱਤੀਆਂ ਵਧੇਰੇ ਮਕਬੂਲ ਹੋਈਆਂ ਹਨ ਜਿਨ੍ਹਾਂ ਦੀ ਵਰਤੋਂ ਕੁੜਤੇ ਪਜ਼ਾਮੇ ਤੇ ਜੀਨ ਪੈਂਟਾ ਨਾਲ ਕੀਤੀ ਜਾ ਰਹੀ ਹੈ। ਮੁਟਿਆਰਾਂ ਵਿਚ ਵੀ ਸਲਵਾਰ ਸੂਟ ਨਾਲ ਰਲਦੀ ਡਿਜ਼ਾਇਨਦਾਰ ਪੰਜਾਬੀ ਜੁੱਤੀ ਪਾਉਣ ਦਾ ਵਧੇਰੇ ਰਿਵਾਜ਼ ਹੈ। ਕਲਾਕਾਰਾਂ ਦੇ ਪਿੜ ਵਿਚ ਪੰਜਾਬੀ ਜੁੱਤੀਆਂ ਚਾਦਰੇ ਤੇ ਘੱਗਰਿਆਂ ਨਾਲ ਸਟੇਜ਼ਾਂ ਦਾ ਸ਼ਿੰਗਾਰ ਬਣਦੀਆਂ ਹਨ। ਵਿਸ਼ਵ ਮੰਡੀ ਵਿਚ ਵਿਸ਼ੇਸ਼ ਪਹਿਚਾਣ ਰੱਖਦੇ ਮੋਗਾ ਦੇ ਪੰਜਾਬੀ ਜੁੱਤੀ ਬਾਜ਼ਾਰ ਵਿਚ ਕਰੀਬ 25-26 ਦੁਕਾਨਾਂ ਹਨ ਜਿਥੇ 50-52 ਦੇ ਕਰੀਬ ਮਾਹਿਰ ਮਿਹਨਤਕਸ਼ ਕਾਰੀਗਰ ਆਪਣੀ ਕਲਾਂ ਸੂਝ ਨਾਲ ਜੁੱਤੀਆਂ ਤਿਆਰ ਕਰਦੇ ਹਨ। ਕਾਨਪੁਰ, ਮਦਰਾਸ, ਆਗਰਾ, ਜਲੰਧਰ ਸਮੇਤ ਵੱਖ-ਵੱਖ ਹਿੱਸਿਆਂ ਤੋਂ ਸਾਮਾਨ ਲਿਆ ਕੇ ਕਰੀਬ ਇਕ ਡੇਢ ਦਿਨ ਵਿਚ ਜੁੱਤੀਆਂ ਤਿਆਰ ਹੁੰਦੀਆਂ ਹਨ। ਕੀਮਤ ਪੱਖੋਂ 150 ਰੁਪਏ ਤੋਂ ਲੈ ਕੇ 4 ਹਜ਼ਾਰ ਤੱਕ ਦੀਆਂ ਪੰਜਾਬੀ ਜੁੱਤੀਆਂ ਬਾਜ਼ਾਰ ਵਿਚ ਤਿਆਰ ਹੁੰਦੀਆਂ ਹਨ। ਸਾਬਰ ਦਾ ਜਲਸਾ, ਪਲੇਨ ਫੁਲਕਾਰੀ, ਤਿੱਲੇ ਦੀ ਕਢਾਈ, ਨੱਗ, ਕੁੰਦਨ, ਸਟੋਨ ਆਦਿ ਜੁੱਤੀਆਂ ਮੋਗਾ ਦੇ ਬਾਜ਼ਾਰ ਦੀ ਵਿਸ਼ੇਸ਼ ਪਹਿਚਾਣ ਹਨ। ਇਸ ਤੋਂ ਇਲਾਵਾ ਦਬਕਾ, ਅਚਕਨ, ਵਾਲੀ, ਮਲਟੀਕਲਰ ਧਾਗਾ, ਧੋੜੀ, ਕੁਰਮ, ਸਿੱਧੇ ਦਲੇ, ਪਲੇਨ ਜਲਸਾ, ਗੋਕਾ, ਕੁੱਸਾ, ਪਾਕਿਸਤਾਨੀ ਜੁੱਤੀ ਤੇ ਸਲੀਪਰ ਆਦਿ ਵਰਾਇਟੀ ਦੀਆਂ ਜੁੱਤੀਆਂ ਮੋਗਾ ਦੀ ਪੰਜਾਬੀ ਜੁੱਤੀ ਦੀ ਵਿਸ਼ੇਸ਼ ਪਹਿਚਾਣ ਹੈ।

ਜਾਣਕਾਰੀ ਇੱਕਤਰ ਕਰਨ ਸਮੇਂ ਬਾਜ਼ਾਰ ਦੇ ਦੁਕਾਨਦਾਰਾਂ ਨੇ ਦੱਸਿਆ ਕਿ ਫੈਸ਼ਨ ਪ੍ਰਸਤੀ ਤੇ ਮਾਡਰਨ ਦਿੱਖ ਦੀ ਆੜ ਹੇਠ ਪੱਛਮੀ ਪ੍ਰਭਾਵ ਨੇ ਇਸ ਛੋਟੇ ਧੰਦੇ ਨੂੰ ਗੰਭੀਰ ਸੱਟ ਮਾਰੀ ਹੈ, ਜਿਸ ਨਾਲ ਇਸ ਘੇਰਲੂ ਕਿੱਤੇ ਤੇ ਹੁਨਰਕਾਰੀ ਨੂੰ ਧੱਕਾ ਲੱਗਾ ਹੈ। ਬਾਵਜੂਦ ਇਸ ਦੇ ਮੋਗਾ ਦੀ ਬਣੀ ਜੁੱਤੀ ਜਾਣਕਾਰ ਇਲਾਕਿਆਂ ਵਿਚ ਵਿਸ਼ੇਸ਼ ਮੁਕਾਮ ਤੇ ਸਥਾਨ ਰੱਖਦੀ ਹੈ।

ਜਸਪਾਲ ਸਿੰਘ ਬੱਬੀ
ਪੱਤਰਕਾਰ / ਪ੍ਰੈਸ ਫੋਟੋਗ੍ਰਾਫਰ "ਅਜੀਤ"
M.98145-88005



ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ

003

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਗੁੱਤ ਵਿਚ ਪਾਉਣ ਵਾਲੀ ਡੋਰੀ ਨੂੰ 'ਪਰਾਂਦਾ' ਕਿਹਾ ਜਾਂਦਾ ਹੈ।
02. ਕੰਨਾਂ ਵਿਚ ਪਾਏ ਜਾਣ ਵਾਲੇ ਪੁਰਾਤਣ ਗਹਿਣੇ (1) ਟੋਕਾ (ਨੋ ਪਾਈਆਂ ਜਾਂਦੀਆਂ ਹਨ) (2) ਮਾਮੇ ਮੁਰਕਰੀਆਂ (3) ਵਾਲੇ (4) ਵਾਲੀਆਂ (5) ਕਾਂਟੇ (6) ਅਹਿਲ ਕਾਰੀਆਂ (7) ਕੋਕਰੂ (8) ਬੁੰਦੇ (9) ਪਿੱਪਲ ਪੱਤੀਆਂ (10) ਝੁਮਕੇ ਆਦਿ ਹਨ।
03. 'ਪਰਾਂਦਾ' ਗੁੱਤ ਵਿਚ ਪਾਉਣ ਵਾਲਾ ਗਹਿਣਾ ਹੁੰਦਾ ਹੈ। (ਇਹ ਕਿਸੇ ਧਾਤ ਦਾ ਨਹੀਂ, ਧਾਗਿਆ ਦਾ ਬਣਿਆ ਹੁੰਦਾ ਹੈ।)
04. 'ਵਾਣਾ' ਵਾਣਾ ਭੇਸ ਨੂੰ ਕਹਿੰਦੇ ਹਨ।
05. 'ਪਰਨਾ' ਸਾਫੇ ਨੂੰ ਕਹਿੰਦੇ ਹਨ।
06. 'ਪੌਲੇ' ਜੁੱਤੀਆਂ ਨੂੰ ਕਿਹਾ ਜਾਦਾ ਹੈ।





07. ਭੇਡਾਂ ਦੇ ਸਰੀਰ ਤੋਂ ਲੈਣ ਵਾਲੇ ਵਾਲਾ ਨੂੰ 'ਉੱਨ' ਕਿਹਾ ਜਾਦਾ ਹੈ।
08. 'ਚੀਰਾ' ਧਾਰੀਆਂ ਵਾਲੀ ਪੱਗ ਨੂੰ ਚੀਰਾ ਕਿਹਾ ਜਾਂਦਾ ਹੈ।
09. ਖੀਸਾ ਕੁੜਤੇ ਦੇ ਗੀਝੇ ਨੂੰ ਖੀਸਾ ਕਹਿਦੇ ਹਨ
10. ਸੇਵਾਦਾਰ ਜਾਂ ਨੌਕਰ ਨੂੰ ਚਾਕ ਜਾਂ ਚਾਕਰ ਕਹਿੰਦੇ ਹਨ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ
E-mail: mehakwattandi@rediffmail.com, Help Line: (+91)-9988-92-9988

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ
ਫਰੀ ਕੰਪਿਊਟਰ ਕੋਰਸ
Free Computer Course



ਪ੍ਰੋ. (ਡਾ.) ਐਸ.ਪੀ. ਸਿੰਘ ਓਬਰਾਏ
ਮੈਨੇਜਿੰਗ ਟਰੱਸਟੀ
ਸਰਬੱਤ ਦਾ ਭਲਾ
ਚੈਰੀਟੇਬਲ ਟਰੱਸਟ (ਰਜਿ.)

Course: 6 Month
Class Time: 2 Hour
ਯੋਗਤਾ: ਦਸਵੀ ਪਾਸ
Qualifaction: 10th
ਕੋਰਸ: 6 ਮਹੀਨੇ
ਕਲਾਸ ਟਾਈਮ: 2 ਘੰਟੇ



ਸਰਕਾਰ ਤੋਂ ਮਾਨਤਾ ਪ੍ਰਾਪਤ ਸਰਟੀਫਿਕੇਟ
ਬਸਤੀ ਗੋਬਿਦਗੜ੍ਹ (ਨੇੜੇ ਗੁਰਦੁਆਰਾ ਸਾਹਿਬ) ਮੋਗਾ
97803-15788, 98783-15788, 94172-30506

ਸਭਾ, ਸੁਸਾਇਟੀਆਂ, ਕਲੱਬਾ ਅਤੇ ਸੰਸਥਾਵਾਂ ਲਈ ਸ਼ਪੈਸਲ
ਸ਼ਨਾਖਤੀ ਕਾਰਡ (Digital PVC ਆਈ-ਕਾਰਡ)




ਅਤੇ ਨਿਯੁਕਤੀ ਪੱਤਰ




ਬਣਵਾਉਣ ਲਈ ਸੰਪਰਕ ਕਰੋ!
ਮਹਿਕ ਵਤਨ ਦੀ ਐਡਵੋਟਾਈਜਰਮੈਂਟ ਕੰਪਨੀ (ਰਜਿ:)
Help Line: 9988 92 9988
www.mehakwatandilive.com

Scanned with CamScanner








# ਬਹੁਤ ਖ਼ੂਬਸੂਰਤ ਹੈ ਹਿਮਾਚਲ ਦੀ 'ਪਰਾਸ਼ਰ ਝੀਲ'

ਅੱਜ ਮੈਂ ਪਹਿਲੀ ਵਾਰ ਆਪਣੀ ਯਾਤਰਾ ਬਾਰੇ ਇੱਕ ਲੇਖ ਲਿਖ ਰਹੀ ਹਾਂ ।ਹਰ ਸਾਲ ਸਰਦੀ ਅਤੇ ਗਰਮੀ ਦੀਆਂ ਛੁੱਟੀਆਂ ਵਿੱਚ ਮੇਰਾ ਪਰਿਵਾਰ ਵੱਖ ਵੱਖ ਥਾਵਾਂ ਤੇ ਘੁੰਮਣ ਜਾਂਦਾ ਹੈ। ਇਸ ਵਾਰ ਲੌਕਡਾਊਨ ਖੁੱਲ੍ਹਣ ਤੋਂ ਬਾਅਦ ਮੇਰੇ ਪਾਪਾ ਨੇ ਸਾਨੂੰ ਕਿਤੇ ਘੁੰਮਣ ਲਈ ਪੁੱਛਿਆ ਕੁਝ ਸੋਚ ਵਿਚਾਰ ਤੋਂ ਬਾਅਦ ਅਸੀਂ ਦੋ ਥਾਵਾਂ ਤੇ ਜਾਣ ਬਾਰੇ ਸੋਚਿਆ ਇਕ ਸੀ ਹਿਮਾਚਲ ਤੇ ਦੂਜਾ ਰਾਜਸਥਾਨ। ਦਸੰਬਰ ਦਾ ਮਹੀਨਾ ਹੋਣ ਕਾਰਨ ਹਿਮਾਚਲ ਵਿਚ ਬਰਫ਼ਬਾਰੀ ਹੁੰਦੀ ਹੈ ਇਸ ਲਈ ਅਸੀਂ ਇਸ ਵਾਰ ਬਰਫ਼ ਦੇਖਣ ਲਈ ਹਿਮਾਚਲ ਜਾਣ ਦਾ ਪ੍ਰੋਗਰਾਮ ਬਣਾ ਲਿਆ। ਇਸ ਬਾਰ ਸਾਡੇ ਨਾਲ਼ ਪਾਪਾ ਦੇ ਦੋਸਤ ਸੁਖਜਿੰਦਰ ਅੰਕਲ ਦਾ ਪਰਿਵਾਰ ਵੀ ਗਿਆ। ਪਾਪਾ ਨੇ ਦੱਸਿਆ ਕਿ ਜਿਆਦਾਤਰ ਲੋਕ ਸ਼ਿਮਲਾ, ਕੁੱਲੂ, ਮਨਾਲ਼ੀ ਆਦਿ ਘੁੰਮਣ ਜਾਂਦੇ ਹਨ ਪਰ ਅਸੀਂ ਇੱਕ ਅਜਿਹੀ ਥਾਂ ਤੇ ਜਾਣਾ ਚਾਹੁੰਦੇ ਸੀ ਜਿਥੇ ਸਿੱਖਣ ਲਈ ਵੱਧ ਤੋਂ ਵੱਧ ਹੋਵੇ ਪਰ ਉੱਥੇ ਬਹੁਤ ਘੱਟ ਭੀੜ ਹੋਵੇ। ਇੰਟਰਨੈੱਟ ਤੇ ਕਈ ਥਾਂਵਾਂ ਦੇਖੀਆਂ ਤਾਂ ਸਾਨੂੰ ਹਿਮਾਚਲ ਦੇ ਪਹਾੜਾਂ ਤੇ ਦੱਸ ਹਜ਼ਾਰ ਫੁੱਟ ਦੀ ਉਚਾਈ ਤੇ ਸਥਿਤ ਪਰਾਸ਼ਰ ਝੀਲ ਪਸੰਦ ਆਈ। ਅਸੀ ਪਰਾਸ਼ਰ ਝੀਲ ਜਾਣ ਦਾ ਪ੍ਰੋਗਰਾਮ ਫਾਈਨਲ ਕਰ ਲਿਆ। ਉੱਥੇ ਜਾਣ ਤੋਂ ਇਕ ਦਿਨ ਪਹਿਲਾਂ ਅਸੀਂ ਤਿਆਰੀ ਕੀਤੀ ਲੋੜੀਂਦੇ ਗਰਮ ਕੱਪੜੇ ਖਰੀਦੇ ਅਤੇ ਹੋਰ ਜ਼ਰੂਰੀ ਸਾਮਾਨ ਪੈਕ ਕੀਤਾ । ਅਸੀਂ ਸਾਰੇ ਬੱਚੇ ਫੋਨ ਤੇ ਪਰਾਸ਼ਰ ਲੇਕ ਦੀਆਂ ਫੋਟੋਆਂ ਦੇਖਣ ਲੱਗੇ ।ਪਾਪਾ ਤੇ ਅੰਕਲ ਨੇ ਟੂਰ ਦਾ ਰੂਟ ਤਿਆਰ ਕੀਤਾ।

ਅਗਲੀ ਸਵੇਰ ਜਲਦੀ ਹੀ ਅਸੀਂ ਘਰ ਤੋਂ ਚੱਲ ਪਏ ਫਿਰ ਅਸੀਂ ਅੰਕਲ ਦੇ ਘਰ ਪਹੁੰਚ ਕੇ ਉਨ੍ਹਾਂ ਦਾ ਸਾਮਾਨ ਗੱਡੀ ਵਿੱਚ ਰਖਵਾਇਆ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਨਾਲ ਲੈ ਕੇ ਹਿਮਾਚਲ ਵੱਲ ਰਵਾਨਾ ਹੋਏ। ਸਰਹੰਦ ਤਕ ਪਹੁੰਚਣ ਤੇ ਸਾਨੂੰ ਬਹੁਤ ਭੁੱਖ ਲੱਗਣ ਲੱਗੀ। ਇਸ ਲਈ ਅਸੀਂ ਸਰਹਿੰਦ ਦੇ ਆਮ ਖਾਸ ਬਾਗ ਵਿੱਚ ਰੁਕੇ। ਉੱਥੇ ਅਸੀਂ ਕਈ ਇਤਿਹਾਸਕ ਇਮਾਰਤਾਂ ਦੇਖੀਆਂ। ਪਾਪਾ ਨੇ ਦੱਸਿਆ ਇਹ ਬਾਗ ਮੁਗਲ ਬਾਦਸ਼ਾਹ ਜਹਾਂਗੀਰ ਦੁਆਰਾ ਬਣਾਇਆ ਗਿਆ ਹੈ। ਦਿੱਲੀ ਤੋਂ ਲਾਹੌਰ ਜਾਂਦੇ ਸਮੇਂ ਉਹ ਸਰਹਿੰਦ ਵਿੱਚ ਆਰਾਮ ਕਰਨ ਲਈ ਇਸ ਥਾਂ ਤੇ ਰੁਕਦੇ ਸਨ। ਆਮ ਖਾਸ ਬਾਗ ਵਿਚ ਇਕ ਵੱਡਾ ਸਰੋਵਰ ਵੀ ਬਣਾਇਆ ਹੋਇਆ ਹੈ ਜਿਸ ਦੇ ਚਾਰ ਚੁਫੇਰੇ ਵੱਡੀਆਂ-ਵੱਡੀਆਂ ਪੌੜੀਆਂ ਹਨ ਇਸ ਬਾਗ਼ ਦੀਆਂ ਕੰਧਾਂ ਕਿਲੇ ਵਾਂਗੂ ਉੱਚੀਆਂ ਉੱਚੀਆਂ ਸਨ। ਇਸ ਦੇ ਇੱਕ ਕੋਨੇ ਵਿੱਚ ਇੱਕ ਬਹੁਤ ਸੁੰਦਰ ਬਗੀਚਾ ਬਣਿਆ ਹੋਇਆ ਹੈ ਜਿਸ ਵਿਚ ਤਰ੍ਹਾਂ-ਤਰ੍ਹਾਂ ਦੇ ਰੁੱਖ ਲੱਗੇ ਹੋਏ ਸਨ । ਸੁੰਦਰ ਸੁੰਦਰ ਰੁੱਖ ਇਸ ਦੀ ਖ਼ੂਬਸੂਰਤੀ ਨੂੰ ਹੋਰ ਵੀ ਵਧਾਉਂਦੇ ਹਨ। ਅਸੀਂ ਇਥੇ ਬੈਠ ਕੇ ਰੋਟੀ ਖਾਧੀ ਤੇ ਸਾਰਾ ਬਾਗ ਘੁੰਮਿਆ। ਅਸੀਂ ਵੇਖਿਆ ਕਿ ਕੁਝ ਲੋਕ ਇੱਥੇ ਬਣੀਆਂ ਪੁਰਾਣੀਆਂ ਇਤਿਹਾਸਕ ਇਮਾਰਤਾਂ ਦੀ ਨਵ-ਉਸਾਰੀ ਕਰ ਰਹੇ ਸਨ ਉਹ ਮਿਹਨਤ ਨਾਲ ਆਪਣਾ ਕੰਮ ਕਰ ਰਹੇ ਸਨ। ਫਿਰ ਅਸੀਂ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਗਏ । ਇੱਥੇ ਸਿੰਘ ਗੁਰਦੁਆਰਾ ਸਾਹਿਬ ਚ ਮੱਥਾ ਟੇਕਿਆ ਅਤੇ ਠੰਢਾ ਬੁਰਜ ਵੀ ਦੇਖਿਆ। ਇਸ ਥਾਂ ਤੇ ਵਜ਼ੀਰ ਖਾਨ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੂੰ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ ਸੀ।


ਸਰਹਿੰਦ ਤੋਂ ਚੱਲ ਕੇ ਅਸੀਂ ਸੰਘੋਲ ਪਹੁੰਚੇ ਇੱਥੇ ਅਸੀਂ ਆਰਕਿਓਲੌਜੀਕਲ ਮਿਊਜ਼ੀਅਮ ਵਿੱਚ ਗਏ। ਇਸ ਮਿਊਜ਼ੀਅਮ ਵਿੱਚ ਹੜੱਪਾ ਸੱਭਿਅਤਾ ਨਾਲ ਸਬੰਧਿਤ ਕਈ ਚੀਜ਼ਾਂ ਸਨ ,ਜਿਵੇਂ ਮਿੱਟੀ ਦੀਆਂ ਬਣੀਆਂ ਵੱਖ ਵੱਖ ਤਰ੍ਹਾਂ ਦੀਆਂ ਮੂਰਤੀਆਂ, ਮਿੱਟੀ ਦੇ ਭਾਂਡੇ, ਗਹਿਣੇ, ਹਾਥੀ ਦੇ ਦੰਦ ਨਾਲ ਬਣੇ ਗਹਿਣੇ ਅਤੇ ਹੋਰ ਸਾਮਾਨ ,ਮਿੱਟੀ ਦੇ ਘੜੇ ਆਦਿ। ਇੱਥੇ ਗਾਈਡ ਅੰਕਲ ਨੇ ਸਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਦਿੱਤੀ। ਮਿਊਜ਼ੀਅਮ ਤੋਂ ਥੋੜ੍ਹੀ ਦੂਰੀ ਤੇ ਅਸੀਂ ਬੋਧੀ ਸਤੂਪ ਦੀਆਂ ਨੀਂਹਾਂ ਦੇਖੀਆਂ ਜਿਸ ਦਾ ਇਕ ਛੋਟਾ ਜਿਹਾ ਮਾਡਲ ਮਿਊਜ਼ੀਅਮ ਵਿੱਚ ਵੀ ਰੱਖਿਆ ਗਿਆ ਸੀ ਪਰ ਇਸ ਸਤੂਪ ਹੁਣ ਟੁੱਟ ਚੁੱਕਾ ਸੀ ਸਿਰਫ ਨੀਹਾਂ ਬਾਕੀ ਸਨ। ਇਹ ਗੋਲ ਆਕਾਰ ਦਾ ਬਣਿਆ ਹੋਇਆ ਸੀ ਉੱਥੇ ਇੱਕ ਗਾਈਡ ਨੇ ਸਾਨੂੰ ਉਸ ਸਤੂਪ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਉਨ੍ਹਾਂ ਨੇ ਦੱਸਿਆ ਕਿ ਇਸ ਸਤੂਪ ਵਿੱਚ ਪੁਰਾਣੇ ਸਮੇਂ ਦੇ ਬੋਧੀ ਅਧਿਆਪਕ ਆਪਣੇ ਭਿਕਸ਼ੂ ਚੇਲਿਆਂ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਸਨ ਇਸ ਵਿੱਚ ਆਲੇ ਦੁਆਲੇ ਕਮਰੇ ਬਣੇ ਹੋਏ ਸਨ। ਇਨ੍ਹਾਂ ਵਿੱਚ ਵਿਦਿਆਰਥੀ ਰਹਿੰਦੇ ਸਨ। ਉਨ੍ਹਾਂ ਨੇ ਦੱਸਿਆ ਕਿ ਜਿਥੇ ਵੀ ਮਹਾਤਮਾ ਬੁੱਧ ਦਾ ਸਤੂਪ ਬਣਾਇਆ ਜਾਂਦਾ ਹੈ ਉਸ ਸਤੂਪ ਦੇ ਐਨ ਵਿਚਕਾਰ ਕੋਈ ਉਨ੍ਹਾਂ ਨਾਲ ਸਬੰਧਤ ਕੋਈ ਨਿਸ਼ਾਨੀ ਜ਼ਰੂਰ ਰੱਖੀ ਜਾਂਦੀ ਸੀ । ਗਾਈਡ ਅੰਕਲ ਨੇ ਦੱਸਿਆ ਕਿ ਸੰਘੋਲ ਪਿੰਡ ਦੀ ਜ਼ਮੀਨ ਵਿੱਚੋਂ ਹੀ ਇਹ ਸਾਰੀਆਂ ਮੂਰਤੀਆਂ ਤੇ ਹੋਰ ਸਾਮਾਨ ਖੁਦਾਈ ਕਰਕੇ ਕੱਢਿਆ ਗਿਆ ਹੈ ਜਿਸ ਨੂੰ ਮਿਊਜ਼ੀਅਮ ਵਿੱਚ ਅਸੀਂ ਦੇਖਿਆ ਸੀ। ਇਹ ਅੱਜ ਤੋਂ ਚਾਰ-ਪੰਜ ਹਜ਼ਾਰ ਸਾਲ ਪਹਿਲਾਂ ਬੱਸ ਦੀ ਹੜੱਪਾ ਸਭਿਅਤਾ ਨਾਲ ਸਬੰਧਤ ਇਤਿਹਾਸਕ ਸਾਮਾਨ ਸੀ।

ਅਸੀਂ ਇਥੋਂ ਚੱਲ ਪਏ ਅਤੇ ਆਨੰਦਪੁਰ ਸਾਹਿਬ ਪਹੁੰਚਦੇ ਪਹੁੰਚਦੇ ਰਾਤ ਹੋ ਚੁੱਕੀ ਸੀ, ਇਸ ਲਈ ਅਸੀਂ ਉੱਥੇ ਰੁਕਣ ਦਾ ਫ਼ੈਸਲਾ ਕੀਤਾ। ਪੁੱਛਣ ਤੇ ਇੱਕ ਅੰਕਲ ਨੇ ਸਾਨੂੰ ਦੱਸਿਆ ਕਿ ਵਿਰਾਸਤ-ਏ-ਖ਼ਾਲਸਾ ਕੋਲ ਭਾਈ ਬਚਿੱਤਰ ਸਿੰਘ ਸਰਾਂ ਹੈ ਜਿਸ ਵਿੱਚ ਬਹੁਤ ਵਧੀਆ ਕਮਰੇ ਮਿਲਦੇ ਹਨ। ਅਸੀਂ ਸਰਾਂ ਵਿੱਚ ਕਮਰਾ ਲਿਆ ਸਾਮਾਨ ਰੱਖ ਕੇ ਅਸੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਵਿਖੇ ਮੱਥਾ ਟੇਕਣ ਗਏ। ਉਸ ਤੋਂ ਬਾਅਦ ਅਸੀਂ ਲੰਗਰ ਛਕਿਆ ਅਤੇ ਬਾਜ਼ਾਰ ਘੁੰਮਿਆ ਰਾਤ ਨੂੰ ਸੜਕਾਂ ਉੱਤੇ ਜਗਮਗਾਉਂਦੀਆਂ ਲਾਈਟਾਂ ਨਾਲ ਸਜੀਆਂ ਦੁਕਾਨਾਂ ਬਹੁਤ ਸੋਹਣੀਆਂ ਲੱਗ ਰਹੀਆਂ ਸਨ। ਇਹ ਦੁਕਾਨਾਂ ਬਿਲਕੁਲ ਮੇਲੇ ਵਾਂਗ ਲੱਗ ਰਹੀਆਂ ਸਨ। ਅਸੀਂ ਇੱਥੇ ਕੁਝ ਸਾਮਾਨ ਖ਼ਰੀਦਿਆ ਤੇ ਸੈਰ ਕਰਦੇ ਹੋਏ ਆਪਣੇ ਕਮਰੇ ਵਿੱਚ ਪਹੁੰਚ ਕੇ ਸੌਂ ਗਏ। ਅਗਲੇ ਦਿਨ ਸਵੇਰੇ ਪੰਜ ਵਜੇ ਅਸੀਂ ਕਮਰੇ ਦੀ ਚਾਬੀ ਜਮ੍ਹਾਂ ਕਰਾ ਕੇ ਹਿਮਾਚਲ ਦੇ ਸਫ਼ਰ ਤੇ ਤੁਰ ਪਏ। ਅਸੀਂ ਇਕ ਅਜਿਹੀ ਸੜਕ ਉੱਪਰੋਂ ਜਾ ਰਹੇ ਸੀ ਜਿਸ ਦੇ ਇੱਕ ਪਾਸੇ ਨਦੀ ਸੀ ਤੇ ਦੂਜੇ ਪਾਸੇ ਝਾੜੀਆਂ ਸਨ। ਰਸਤਾ ਕੱਚਾ ਅਤੇ ਟੁੱਟਿਆ ਹੋਇਆ ਸੀ ਅਸੀਂ ਬਹੁਤ ਮੁਸ਼ਕਲ ਨਾਲ ਉੱਥੋਂ ਨਿਕਲੇ। ਇੱਥੋਂ ਬਿਲਾਸਪੁਰ, ਸੁੰਦਰਨਗਰ ਹੁੰਦੇ ਹੋਏ ਅਸੀਂ ਦੁਪਹਿਰ ਤਕ ਮੰਡੀ ਪਹੁੰਚ ਗਏ। ਮੰਡੀ ਦਾ ਗੁਰਦੁਆਰਾ ਸਾਹਬ ਬਹੁਤ ਸੁੰਦਰ ਸੀ ਜੋ ਪਹਾੜਾਂ ਵਿਚਕਾਰ ਬਣਿਆ ਹੋਇਆ ਹੈ ਗੁਰਦੁਆਰਾ ਸਾਹਿਬ ਦੇ ਅੱਗੇ ਸੜਕ ਤੋਂ ਹੇਠਾਂ ਵੱਲ ਬਿਆਸ ਦਰਿਆ ਚਲਦਾ ਹੈ। ਅਸੀਂ ਇੱਥੇ ਗੱਡੀ ਖੜ੍ਹਾਈ ਅਤੇ ਸਰਾਂ ਵਿੱਚ ਕਮਰਾ ਲੈ ਲਿਆ ਅਸੀਂ ਇੱਥੇ ਸਾਮਾਨ ਰੱਖ ਕੇ ਲੰਗਰ ਛਕਿਆ ਅਤੇ ਮੱਥਾ ਟੇਕਿਆ। ਗੁਰਦੁਆਰਾ ਸਾਹਿਬ ਵਿਚ ਅਸੀਂ ਇਕ ਸੱਤ ਫੁੱਟ ਲੰਬੀ ਬੰਦੂਕ ਦੇਖੀ। ਬਾਬਾ ਜੀ ਨੇ ਦੱਸਿਆ ਕਿ ਇਸ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਆਸ ਨਦੀ ਵਿੱਚ ਤੈਰਦੀ ਹਾਂਡੀ ਤੇ ਨਿਸ਼ਾਨਾ ਲਗਾਇਆ ਸੀ। ਥੋੜ੍ਹੀ ਦੇਰ ਬਾਅਦ ਅਸੀਂ ਪਰਾਸ਼ਰ ਝੀਲ ਜਾਣ ਲਈ ਰਵਾਨਾ ਹੋ ਗਏ ਰਸਤੇ ਵਿੱਚ ਇੱਕ ਅਜਿਹਾ ਪਹਾੜ ਸੀ ਜਿੱਥੇ ਅਕਸਰ ਪੱਥਰ ਡਿੱਗਦੇ ਰਹਿੰਦੇ ਸਨ ਪਰ ਖੁਸ਼ੀ ਦੀ ਗੱਲ ਹੈ ਕਿ ਜਦੋਂ ਸੀ ਲੰਘੇ ਤਾਂ ਕੋਈ ਪੱਥਰ ਨਹੀਂ ਡਿੱਗਿਆ। ਸੜਕ ਤੇ ਜਾਂਦੀ ਸਾਡੀ ਗੱਡੀ ਇੱਕ ਵਾਰ ਹੇਠਾਂ ਵੱਜੀ ਜਿਸ ਨਾਲ ਸਾਡੀ ਗੱਡੀ ਦੇ ਰੇਡੀਏਟਰ ਦੇ ਪਾਣੀ ਵਾਲੇ ਪਾਈਪ ਵਿੱਚ ਸੁਰਾਖ ਹੋ ਗਿਆ ਸਾਨੂੰ ਇਸ ਬਾਰੇ ਬਾਅਦ ਵਿੱਚ ਜਾ ਕੇ ਪਤਾ ਲੱਗਾ। ਜਿਸ ਕਾਰਨ ਗੱਡੀ ਵਿਚਲਾ ਪਾਣੀ ਡੁੱਲ੍ਹ ਗਿਆ ਸੀ। ਸਾਨੂੰ ਨਹੀਂ ਸੀ ਪਤਾ ਕਿ ਇਹ ਸਾਡੇ ਲਈ ਕਿੰਨੀ ਵੱਡੀ ਮੁਸੀਬਤ ਖੜ੍ਹੀ ਕਰੇਗਾ। ਜਦੋਂ ਭਰਾ ਸਿਰਲੇਖ ਤੇ ਪਹੁੰਚਣ ਲਈ ਸਿਰਫ ਦੱਸ ਕਿਲੋਮੀਟਰ ਬਾਕੀ ਰਹਿ ਗਏ ਸੀ ਉਸ ਸਮੇਂ ਪਹਾੜ ਦੇ ਕਿਨਾਰੇ ਗੱਡੀ ਰੁਕ ਗਈ। ਜਦੋਂ ਅਸੀਂ ਗੱਡੀ ਦਾ ਬੌਰਨਟ ਖੋਲ੍ਹਿਆ ਤਾਂ ਉਸ ਵਿਚੋਂ ਧੂੰਆਂ ਨਿਕਲਣ ਲੱਗਾ ਸਾਨੂੰ ਕਾਫੀ ਟੈਨਸ਼ਨ ਹੋ ਗਈ। ਪਾਪਾ ਨੇ ਫੋਨ ਤੇ ਮਕੈਨਿਕ ਅੰਕਲ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਗੱਡੀ ਦੇ ਰੇਡੀਏਟਰ ਦੇ ਪਾਣੀ ਨਿਕਲਣ ਕਾਰਨ ਗੱਡੀ ਗਰਮ ਹੋ ਗਈ ਹੈ ਵੱਧ ਤੋਂ ਵੱਧ ਪਾਣੀ ਰੇਡਿਟ ਉੱਤੇ ਪਾਓ ਇਹ ਸੁਣ ਕੇ ਅਸੀਂ ਆਪਣੀਆਂ ਪੀਣ ਵਾਲੀਆਂ ਪਾਣੀ ਦੀਆਂ ਬੋਤਲਾਂ ਨਾਲ ਰੇਡੀਏਟਰ ਤੇ ਪਾਣੀ ਪਾਉਣ ਲੱਗੇ। ਸਾਨੂੰ ਦੇਖ ਕੇ ਕੁਝ ਲੋਕ ਰੁਕ ਗਏ ਉਨ੍ਹਾਂ ਨੇ ਆਪਣੀਆਂ ਪਾਣੀ ਦੀਆਂ ਬੋਤਲਾਂ ਸਾਨੂੰ ਰੇਡੀਏਟਰ ਤੇ ਪਾਉਣ ਲਈ ਦਿੱਤੀਆਂ। ਲੋਕ ਸਾਡੀ ਮਦਦ ਕਰਕੇ ਚਲੇ ਗਏ ਪਰ ਸਾਡੀ ਗੱਡੀ ਉੱਥੇ ਹੀ ਖ਼ਰਾਬ ਹੋਈ ਖੜ੍ਹੀ ਰਹੀ।

ਮੌਸਮ ਖ਼ਰਾਬ ਹੋਣ ਲੱਗਾ ਸੀ ਬਾਹਰ ਬਹੁਤ ਠੰਢ ਹੋ ਰਹੀ ਸੀ। ਸਾਨੂੰ ਚਿੰਤਾ ਹੋਣ ਲੱਗੀ ਪਰ ਅਚਾਨਕ ਇਕ ਗੱਡੀ ਆਈ ਜੋ ਖਾਲੀ ਸੀ। ਗੱਡੀ ਵਾਲੇ ਅੰਕਲ ਨੇ ਸਾਨੂੰ ਸਾਰਿਆਂ ਨੂੰ ਗੱਡੀ ਵਿੱਚ ਬਿਠਾ ਕੇ ਨੀਚੇ ਇਕ ਹੋਟਲ ਤਕ ਛੱਡਿਆ। ਉਨ੍ਹਾਂ ਨੇ ਬੜੀ ਨਿਮਰਤਾ ਨਾਲ ਕਿਹਾ ਕਿ ਮੈਨੂੰ ਮੁਆਫ਼ ਕਰਨਾ ਮੈਂ ਤੁਹਾਨੂੰ ਇਸ ਤੋਂ ਅੱਗੇ ਨਹੀਂ ਲਿਜਾ ਸਕਦਾ ਕਿਉਂਕਿ ਜੇ ਮੈਂ ਤੁਹਾਨੂੰ ਮੰਡੀ ਤਕ ਛੱਡਣ ਗਿਆ ਤਾਂ ਪੁਲਸ ਨੇ ਮੇਰਾ ਚਲਾਨ ਕੱਟ ਦੇਣਾ। ਅਸੀਂ ਕਿਹਾ ਕਿ ਕੋਈ ਗੱਲ ਨਹੀਂ ਵੈਸੇ ਵੀ ਤੁਸੀਂ ਸਾਡੇ ਇੰਨੀ ਮਦਦ ਕੀਤੀ ਇਸ ਲਈ ਤੁਹਾਡਾ ਬਹੁਤ -ਬਹੁਤ ਧੰਨਵਾਦ। ਅਸੀਂ ਉਨ੍ਹਾਂ ਦਾ ਧੰਨਵਾਦ ਕਰਕੇ ਹੋਟਲ ਵਿੱਚ ਗਏ ਅਤੇ ਉੱਥੇ ਕਮਰੇ ਲੈ ਲਏ। ਅਸੀਂ ਉੱਥੋਂ ਦੇ ਮਾਲਕ ਨੂੰ ਪੁੱਛਿਆ ਕਿ ਸਾਡੀ ਗੱਡੀ ਪਹਾੜੀ ਤੇ ਖ਼ਰਾਬ ਹੋ ਗਈ ਹੈ ਕਿ ਤੁਸੀਂ ਕਿਸੇ ਚੰਗੇ ਮਕੈਨਿਕ ਨੂੰ ਜਾਣਦੇ ਹੋ? ਉਨ੍ਹਾਂ ਨੇ ਇਕ ਕਾਰਡ ਦਿੰਦੇ ਹੋਏ ਕਿਹਾ ਕਿ ਇਹ ਇਸ ਇਲਾਕੇ ਦਾ ਵਧੀਆ ਮਕੈਨਿਕ ਹੈ। ਅਸੀਂ ਉਸ ਨੂੰ ਬੁਲਾਇਆ। ਮਕੈਨਿਕ ਤੇ ਸੁਖਜਿੰਦਰ ਅੰਕਲ ਗੱਡੀ ਨੂੰ ਬਿਨਾਂ ਸਟਾਰਟ ਕੀਤੇ ਉੱਪਰੋਂ ਹੋਟਲ ਤਕ ਲੈ ਆਏ। ਸਾਡੇ ਸਾਮਾਨ ਵਾਲੇ ਬੈਗ ਪਿੱਛੇ ਮੰਡੀ ਗੁਰਦੁਆਰੇ ਦੇ ਕਮਰੇ ਵਿਚ ਪਏ ਸਨ। ਮਕੈਨਿਕ ਨੇ ਰਾਤ ਤੱਕ ਗੱਡੀ ਠੀਕ ਕਰ ਕੇ ਹੋਟਲ ਦੇ ਬਾਹਰ ਖੜ੍ਹਾ ਦਿੱਤੀ। ਇਸ ਨਾਲ ਸਾਨੂੰ ਬਹੁਤ ਖੁਸ਼ੀ ਹੋਈ।

ਅਗਲੀ ਸਵੇਰ ਅਸੀਂ ਪ੍ਰਾਸ਼ਰ ਲੇਖ ਵੱਲ ਚੱਲ ਪਏ ਸਾਡੇ ਮਨ ਵਿੱਚ ਡਰ ਸੀ ਕਿ ਕੱਲ੍ਹ ਵਾਂਗ ਕੋਈ ਸਮੱਸਿਆ ਨਾ ਆ ਜਾਵੇ ਪਰ ਅਸੀਂ ਥੋੜ੍ਹੇ ਸਮੇਂ ਵਿੱਚ ਹੀ ਉੱਥੇ ਪਹੁੰਚ ਗਏ। ਚਾਰ ਚੁਫ਼ੇਰੇ ਬਰਫ਼ ਦੀ ਚਿੱਟੀ ਚਾਦਰ ਵਿਛੀ ਹੋਈ ਸੀ। ਬਰਫ਼ ਵਾਲ਼ੀ ਸੜਕ ਉਪਰ ਗੱਡੀ ਅੱਗੇ ਨਹੀਂ ਜਾ ਸਕਦੀ ਸੀ ਇਸ ਲਈ ਅਸੀਂ ਗੱਡੀ ਪਹਾੜੀ ਨਾਲ ਸਾਈਡ ਤੇ ਲਗਾ ਕੇ ਖੜ੍ਹਾ ਦਿੱਤੀ ਅਤੇ ਪੈਦਲ ਹੀ ਪਰਾਸ਼ਰ ਝੀਲ ਵੱਲ ਚੱਲ ਪਏ । ਝੀਲ ਇੱਥੋਂ ਤਿੰਨ ਚਾਰ ਕਿਲੋਮੀਟਰ ਦੂਰ ਸੀ। ਤਿੰਨ -ਚਾਰ ਕਿਲੋਮੀਟਰ ਪੈਦਲ ਬਰਫ਼ ਵਾਲੇ ਰਸਤੇ ਉੱਪਰ ਚੱਲਣ ਦਾ ਬਹੁਤ ਆਨੰਦ ਆਇਆ। ਇੱਥੇ ਅਸੀਂ ਬਰਫ਼ ਉਪਰ ਫੋਟੋਆਂ ਖਿੱਚੀਆਂ ਅਤੇ ਬਰਫ਼ ਇੱਕ ਦੂਜੇ ਦੇ ਮਾਰ ਕੇ ਖੇਡਦੇ-ਖੇਡਦੇ ਪਰਾਸ਼ਰ ਲੇਕ ਤੱਕ ਪਹੁੰਚ ਗਏ। ਸਾਨੂੰ ਬਹੁਤ ਠੰਢ ਲੱਗ ਰਹੀ ਸੀ। ਅਸੀਂ ਉੱਥੇ ਬਣੀ ਛੋਟੀ ਜਿਹੀ ਦੁਕਾਨ ਉੱਪਰੋਂ ਗਰਮ ਗਰਮ ਚਾਹ ਪੀਤੀ ਅਤੇ ਮੈਗੀ ਖਾਧੀ। ਝੀਲ ਦਾ ਦ੍ਰਿਸ਼ ਬਹੁਤ ਸੁੰਦਰ ਸੀ। ਪਾਪਾ ਨੇ ਦੱਸਿਆ ਕਿ ਇਸ ਝੀਲ ਦਾ ਨਾਮ ਪਰਾਸ਼ਰ ਰਿਸ਼ੀ ਦੇ ਨਾਮ ਤੇ ਰੱਖਿਆ ਗਿਆ ਹੈ, ਪਰਾਸ਼ਰ ਰਿਸ਼ੀ ਦਾ ਲੱਕੜ ਦਾ ਬਣਿਆ ਖ਼ੂਬਸੂਰਤ ਮੰਦਰ ਝੀਲ ਦੇ ਬਿਲਕੁਲ ਕੋਲ ਹੀ ਹੈ। ਇਸ ਝੀਲ ਦੀ ਖਾਸੀਅਤ ਹੈ ਕਿ ਇਸ ਵਿਚ ਇਕ ਛੋਟਾ ਜਿਹਾ ਟਾਪੂ ਤੈਰਦਾ ਰਹਿੰਦਾ ਹੈ ਜਿਸ ਨੂੰ ਫਲੋਟਿੰਗ ਆਈਲੈਂਡ ਕਹਿੰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਇਹ ਆਪਣੀ ਜਗ੍ਹਾ ਬਦਲਦਾ ਰਹਿੰਦਾ ਹੈ।

ਪਾਪਾ ਇਸ ਝੀਲ ਤੇ ਪਹਿਲਾਂ ਵੀ ਆ ਚੁੱਕੇ ਸਨ ਇਸ ਲਈ ਉਨ੍ਹਾਂ ਨੇ ਦੱਸਿਆ ਕਿ ਹਾਂ ਇਹ ਪਹਿਲਾਂ ਝੀਲ ਦੇ ਦੂਸਰੇ ਪਾਸੇ ਹੁੰਦਾ ਸੀ ਸਾਲ ਵਿੱਚ ਇਹ ਕਈ ਵਾਰ ਆਪਣਾ ਸਥਾਨ ਬਦਲ ਲੈਂਦਾ ਹੈ। ਉਨ੍ਹਾਂ ਦੱਸਿਆ ਕਿ ਹਰ ਮੌਸਮ ਵਿੱਚ ਝੀਲ ਦਾ ਆਪਣਾ ਰੰਗ ਹੁੰਦਾ ਹੈ। ਗਰਮੀਆਂ ਵਿੱਚ ਇੱਥੇ ਚਾਰ ਚੁਫੇਰਾ ਹਰਾ-ਭਰਾ ਹੁੰਦਾ ਹੈ, ਸਤੰਬਰ ਅਕਤੂਬਰ ਵਿਚ ਏਥੇ ਦੇ ਪਹਾੜਾਂ ਭੂਰਾ ਰੰਗ ਹੁੰਦਾ ਹੈ ਅਤੇ ਦਸੰਬਰ ਜਨਵਰੀ ਦੀਆਂ ਸਰਦੀਆਂ ਵਿਚ ਬਰਫ ਪੈਣ ਕਾਰਨ ਆਲਾ ਦੁਆਲਾ ਚਿੱਟਾ ਹੋ ਜਾਂਦਾ ਹੈ ਅਤੇ ਝੀਲ ਜੰਮ ਜਾਂਦੀ ਹੈ। ਅਸੀਂ ਪਰਾਸ਼ਰ ਰਿਸ਼ੀ ਦਾ ਮੰਦਿਰ ਦੇਖਿਆ ਜਿੱਥੇ ਬਹੁਤ ਸਾਰੇ ਲੋਕ ਮੱਥਾ ਟੇਕ ਰਹੇ ਸਨ। ਕਈ ਲੋਕ ਝੀਲ ਕਿਨਾਰੇ ਪਹਾੜ ਦੇ ਕੋਲ ਪੱਥਰਾਂ ਦੇ ਉੱਪਰ ਪੱਥਰ ਰੱਖ ਕੇ ਨਿੱਕੇ ਨਿੱਕੇ ਪਿਰਾਮਿਡ ਬਣਾ ਰਹੇ ਸਨ, ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੀ ਹਰ ਇੱਛਾ ਪੂਰੀ ਹੁੰਦੀ ਹੈ। ਅਸੀਂ ਬਰਫ਼ ਤੇ ਖੇਡਦੇ ਰਹੇ ਸ਼ਾਮ ਹੋਣ ਵਾਲੀ ਸੀ ਇਸ ਲਈ ਅਸੀਂ ਸਾਰੇ ਉਥੋਂ ਫੋਟੋਆਂ ਖਿੱਚ ਕੇ ਵਾਪਸ ਪੈਦਲ ਤੁਰਦੇ ਆਪਣੀ ਗੱਡੀ ਤਕ ਆ ਗਏ। ਮੈਨੂੰ ਹਿਮਾਚਲ ਦੀ ਪਰਾਸ਼ਰ ਝੀਲ ਦੀ ਇਹ ਯਾਤਰਾ ਬਹੁਤ ਵਧੀਆ ਲੱਗੀ । ਇਸ ਸਫ਼ਰ ਤੋਂ ਮੈਨੂੰ ਇੱਕ ਨਵੀਂ ਗੱਲ ਸਿੱਖਣ ਨੂੰ ਮਿਲੀ ਕਿ ਮੁਸੀਬਤ ਤੋਂ ਅੱਗੇ ਜਾ ਕੇ ਹੀ ਸਫ਼ਲਤਾ ਹੈ।



Scanned with CamScanner

# ਰੋਜਾਨਾ ਕਿਸਾਨੀ ਧਰਨੇ ਵਿੱਚ ਕਿਸਾਨ ਅੰਦੋਲਨ ਦੀ ਜਿੱਤ ਦੀ ਖ਼ੁਸ਼ੀ ਮੋਗਾ ਵਾਸੀਆਂ ਨੇ ਭੰਗੜਾ ਪਾ ਕੇ ਨੱਚ-ਟੱਪ ਕੇ ਮਨਾਈ

## ਨਾਅਰਿਆਂ ਅਤੇ ਜੈਕਾਰਿਆਂ ਨਾਲ ਗੂੰਜ ਉਠਿਆ ਮੋਗਾ ਸ਼ਹਿਰ



ਮੋਗਾ/ ਇਕਬਾਲ ਸਿੰਘ ਖੋਸਾ

ਡਾ. ਕੁਲਦੀਪ ਸਿੰਘ ਗਿੱਲ ਦੀ ਅਗਵਾਈ ਵਿੱਚ ਮੇਨ ਚੌਂਕ ਮੋਗਾ ਵਿਖੇ ਪਿਛਲੇ ਦਸ ਮਹੀਨੇ ਤੋਂ ਚੱਲ ਰਿਹਾ ਰੋਜਾਨਾ ਕਿਸਾਨੀ ਧਰਨਾ ਅੱਜ ਕਿਸਾਨ ਅੰਦੋਲਨ ਦੀ ਜਿੱਤ ਤੋਂ ਬਾਅਦ ਨਾਅਰਿਆਂ ਅਤੇ ਜੈਕਾਰਿਆਂ ਦੀ ਗੂੰਜ਼ ਨਾਲ ਸਮਾਪਤ ਹੋ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜਰ ਔਰਤਾਂ ਅਤੇ ਮਰਦਾਂ ਨੇ ਕਿਸਾਨ ਅੰਦੋਲਨ ਦੀ ਇਤਿਹਾਸਕ ਜਿੱਤ ਦੀ ਖ਼ੁਸ਼ੀ ਭੰਗੜੇ ਪਾ ਕੇ ਮਨਾਈ। ਇਸ ਮੌਕੇ ਖ਼ੁਸ਼ੀ ਵਿੱਚ ਖੀਵੇ ਹੋਏ ਲੋਕਾਂ ਨੇ ਨਾਅਰਿਆਂ ਅਤੇ ਜੈਕਾਰਿਆਂ ਨਾਲ ਮੋਗਾ ਸ਼ਹਿਰ ਨੂੰ ਗੂੰਜਣ ਲਗਾ ਦਿੱਤਾ।

ਇਸ ਧਰਨੇ ਨੂੰ ਸੰਬੋਧਨ ਕਰਦਿਆਂ ਡਾ. ਕੁਲਦੀਪ ਸਿੰਘ ਗਿੱਲ, ਕਿਸਾਨ ਆਗੂ ਬਲਦੇਵ ਸਿੰਘ ਢਿੱਲੋਂ, ਰਸ਼ਪਾਲ ਸਿੰਘ ਪਟਵਾਰੀ, ਸਮਾਜ ਸੇਵੀ ਮਹਿੰਦਰ ਪਾਲ ਲੂੰਬਾ, ਨਰਜੀਤ ਕੌਰ, ਸੁਖਦੇਵ ਸਿੰਘ ਬਰਾੜ, ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ), ਸੁਰਿੰਦਰ ਸਿੰਘ ਲਾਡੀ, ਜੋਗਿੰਦਰ ਸਿੰਘ ਸੰਘਾ, ਅਮ੍ਰਿਤਪਾਲ ਅਨੇਜਾ, ਹਰਜੀਤ ਸਿੰਘ, ਜਸਲੀਨ ਕੌਰ ਸੰਘਾ, ਗੁਰਪ੍ਰੀਤ ਸਿੰਘ ਕੋਮਲ, ਐਡਵੋਕੇਟ ਹਰਜੀਤ ਸਿੰਘ ਅਤੇ ਅਮਰਜੀਤ ਸਿੰਘ ਜੱਸਲ ਨੇ ਇਸ ਇਤਿਹਾਸਕ ਅੰਦੋਲਨ ਦੀ ਜਿੱਤ ਦੀਆਂ ਸਭ ਨੂੰ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਇਹ ਕਿਸਾਨਾਂ ਦੇ ਨਾਲ ਨਾਲ ਮਜਦੂਰਾਂ, ਮੁਲਾਜ਼ਮਾਂ, ਦੁਕਾਨਦਾਰਾਂ, ਵਪਾਰੀਆਂ, ਵਿਦਿਆਰਥੀਆਂ, ਡਾਕਟਰਾਂ ਅਤੇ ਵਕੀਲਾਂ ਆਦਿ ਸਭ ਵਰਗਾਂ ਦੀ ਸਾਂਝੀ ਜਿੱਤ ਹੈ ਕਿਉਂਕਿ ਸਭ ਵਰਗਾਂ ਨੇ ਇਸ ਅੰਦੋਲਨ ਵਿੱਚ ਆਪੋ ਆਪਣਾ ਬਣਦਾ ਯੋਗਦਾਨ ਪਾਇਆ ਹੈ। ਉਹਨਾਂ ਕਿਹਾ ਕਿ ਇਸ ਅੰਦੋਲਨ ਦੀ ਜਿੱਤ ਇਸ ਕਰਕੇ ਵੀ ਇਤਿਹਾਸਕ ਹੈ ਕਿਉਂਕਿ ਇਸ ਜਿੱਤ ਨੇ ਸੰਘਰਸ਼ਾਂ ਤੋਂ ਨਿਰਾਸ਼ ਹੋ ਚੁੱਕੀਆਂ ਧਿਰਾਂ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਹੈ, ਜਿਸ ਨਾਲ ਉਹਨਾਂ ਦਾ ਸ਼ਾਂਤਮਈ ਸੰਘਰਸ਼ਾਂ ਵਿੱਚ ਵਿਸ਼ਵਾਸ਼ ਵਧਿਆ ਹੈ।

ਉਨਾਂ ਕਿਹਾ ਕਿ ਇਸ ਅੰਦੋਲਨ ਦੀ ਜਿੱਤ ਵਿੱਚ ਵੱਡਾ ਹੱਥ ਪੰਜਾਬ ਦੇ ਮੀਡੀਆ ਅਤੇ ਯੂ ਟਿਊਬ ਚੈਨਲਾਂ ਦਾ ਵੀ ਹੈ, ਜਿਸ ਨੇ ਨੈਸ਼ਨਲ ਮੀਡੀਆ ਤੋਂ ਹਟ ਕੇ ਕਿਸਾਨਾਂ ਦੇ ਹੱਕ ਵਿੱਚ ਰਿਪੋਰਟਿੰਗ ਕੀਤੀ ਹੈ ਤੇ ਲੋਕਾਂ ਦੀ ਏਕਤਾ ਨੂੰ ਬਣਾ ਕੇ ਰੱਖਣ ਵਿੱਚ ਵੱਡਾ ਰੋਲ ਅਦਾ ਕੀਤਾ ਹੈ। ਉਹਨਾਂ ਰੋਜਾਨਾ ਕਿਸਾਨੀ ਧਰਨੇ ਵਿੱਚ ਲਗਾਤਾਰ ਹਾਜਰੀ ਦੇਣ ਵਾਲੇ ਸਾਰੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਲਗਾਤਾਰ ਦਸ ਮਹੀਨੇ ਮੇਨ ਚੌਕ ਮੋਗਾ ਵਿੱਚ ਇਹ ਧਰਨਾਂ ਚਲਦਾ ਰਿਹਾ ਹੈ, ਜਿਸਨੇ ਲੋਕਾਂ ਨੂੰ ਲਗਾਤਾਰ ਅੰਦੋਲਨ ਨਾਲ ਜੋੜਕੇ ਰੱਖਣ, ਲੋਕਾਂ ਨੂੰ ਦਿੱਲੀ ਜਾਣ ਲਈ ਪ੍ਰੇਰਿਤ ਕਰਨ ਅਤੇ ਨੈਸ਼ਨਲ ਮੀਡੀਆ ਦੁਆਰਾ ਫੈਲਾਏ ਜਾ ਰਹੇ ਝੂਠ ਦਾ ਖੰਡਨ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਹੈ ਅਤੇ ਮੋਗਾ ਵਿੱਚ ਚੱਲ ਰਹੇ ਇਸ ਰੋਜਾਨਾ ਕਿਸਾਨੀ ਧਰਨੇ ਦੀਆਂ ਗੂੰਜਾਂ ਦੇਸ਼ਾਂ ਵਿਦੇਸ਼ਾਂ ਤੱਕ ਪੈਂਦੀਆਂ ਰਹੀਆਂ ਹਨ।

ਇਸ ਮੌਕੇ ਡਾ. ਕੁਲਦੀਪ ਸਿੰਘ ਗਿੱਲ ਨੇ ਕਿਹਾ ਕਿ ਮੋਗਾ ਹਮੇਸ਼ਾ ਸੰਘਰਸ਼ਾਂ ਦੇ ਪਿੜ ਵਿੱਚ ਮੋਹਰੀ ਰਿਹਾ ਹੈ ਤੇ ਸਾਨੂੰ ਮਾਣ ਹੈ ਕਿ ਇਸ ਇਤਿਹਾਸਕ ਅੰਦੋਲਨ ਵਿੱਚ ਵੀ ਅਸੀਂ ਮੂਹਰੀਆਂ ਸਫਾਂ ਵਿੱਚ ਰਹਿ ਕੇ ਯੋਗਦਾਨ ਪਾਇਆ ਹੈ ਤੇ ਅੰਦੋਲਨ ਨੂੰ ਜਿੱਤ ਤੱਕ ਲੈ ਕੇ ਆਂਦਾ ਹੈ। ਉਹਨਾਂ ਕਿਹਾ ਕਿ ਇਸ ਧਰਨੇ ਦੌਰਾਨ ਬਣੇ ਸੰਘਰਸ਼ ਸ਼ੀਲ ਧਿਰਾਂ ਦੇ ਏਕੇ ਨੂੰ ਅੱਗੇ ਵੀ ਬਰਕਰਾਰ ਰੱਖਿਆ ਜਾਵੇਗਾ ਅਤੇ 15 ਦਸੰਬਰ ਤੋਂ ਬਾਅਦ ਇੱਕ ਸਾਂਝੇ ਫੋਰਮ ਦਾ ਗਠਨ ਕੀਤਾ ਜਾਵੇਗਾ, ਜੋ ਹਰ ਬੇਇਨਸਾਫੀ ਅਤੇ ਧੱਕੇ ਵਿਰੁੱਧ ਸੰਘਰਸ਼ ਕਰਨ ਲਈ ਤਿਆਰ ਬਰ ਤਿਆਰ ਰਹੇਗਾ। ਉਹਨਾਂ ਦੇ ਇਸ ਫੈਸਲੇ ਦਾ ਸਭ ਹਾਜਰ ਲੋਕਾਂ ਨੇ ਹੱਥ ਖੜੇ ਕਰਕੇ ਅਤੇ ਜੈਕਾਰੇ ਲਗਾ ਕੇ ਸਮਰਥਨ ਕੀਤਾ।

ਇਸ ਮੌਕੇ ਉਕਤ ਤੋਂ ਇਲਾਵਾ ਭਾਗਵੰਤੀ ਪੁਰਬਾ, ਰਿੰਪੀ ਗਰੇਵਾਲ, ਏਕਮ ਜੋਤ ਸਿੰਘ ਪੁਰਬਾ, ਬੇਬੀ ਉਮੰਗਦੀਪ ਕੌਰ ਪੁਰਬਾ, ਅਜੈ ਸ਼ਰਮਾ, ਕਮਲਜੀਤ ਕੌਰ, ਡਾ. ਧਨਵੰਤ ਕੌਰ, ਅਜਮੇਰ ਸਿੰਘ, ਹਾਕਮ ਸਿੰਘ ਗਿੱਲ, ਐਚ ਐਸ ਬੇਦੀ, ਵੀ.ਪੀ. ਸੇਠੀ, ਮਨਜੀਤ ਕੌਰ, ਕਰਮਜੀਤ ਕੌਰ, ਹਰਪ੍ਰੀਤ ਸਿੰਘ, ਮੇਜਰ ਸਿੰਘ ਗਿੱਲ, ਸਰਬ ਜੀਤ ਕੌਰ, ਮਨਪ੍ਰੀਤ ਕੌਰ, ਗੁਰਦਰਸ਼ਨ ਸਿੰਘ, ਭਾਗ ਸਿੰਘ, ਜਸਵੰਤ ਸਿੰਘ, ਨਛੱਤਰ ਸਿੰਘ, ਕੇਵਲ ਸ਼ਰਮਾ, ਬੰਤ ਸਿੰਘ, ਮਹਿੰਦਰ ਸਿੰਘ, ਹਰਜੀਵਨ ਸਿੰਘ, ਇਕਬਾਲ ਸਿੰਘ ਖੋਸਾ, ਜਗਤਾਰ ਸਿੰਘ, ਜੋਗਿੰਦਰ ਸਿੰਘ, ਪ੍ਰਿਤਪਾਲ ਸਿੰਘ ਅਤੇ ਗਿੰਦਰ ਸਿੰਘ ਤੋਂ ਇਲਾਵਾ ਸੈਂਕੜੇ ਦੀ ਗਿਣਤੀ ਵਿੱਚ ਲੋਕ ਹਾਜਰ ਸਨ।



# ਡਾ. ਐਸ.ਪੀ. ਸਿੰਘ ਉਬਰਾਏ ਦੇ ਯਤਨਾਂ ਨਾਲ ਪਿੰਡ ਮਹਿਣਾ ਦੇ ਨੌਜਵਾਨ ਦੀ ਮ੍ਰਿਤਕ ਦੇਹ ਪਿੰਡ ਪਹੁੰਚੀ

## ਮੌਤ ਤੋਂ 12 ਦਿਨ ਪਹਿਲਾਂ ਹੀ ਦੁਬਈ ਗਿਆ ਸੀ ਇਕਲੌਤਾ ਸਹਾਰਾ



ਮੋਗਾ/ ਭਵਨਦੀਪ ਸਿੰਘ ਪੁਰਬਾ


ਪਿੰਡ ਮਹਿਣਾ ਦੇ 40 ਸਾਲਾ ਨੌਜਵਾਨ ਹਰਦੀਪ ਸਿੰਘ ਦੀ ਮ੍ਰਿਤਕ ਦੇਹ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਓਬਰਾਏ ਜੀ ਦੇ ਵਿਸ਼ੇਸ਼ ਯਤਨਾਂ ਸਦਕਾ ਦੁਬਈ ਤੋਂ ਉਸ ਦੇ ਜੱਦੀ ਪਿੰਡ ਮਹਿਣਾ ਵਿਖੇ ਪਹੁਚੀ, ਜਿੱਥੇ ਉਸਦਾ ਪਰਿਵਾਰ ਵੱਲੋਂ ਅੰਤਿਮ ਸਸਕਾਰ ਕਰ ਦਿੱਤਾ ਗਿਆ।

ਜਿਕਰਯੋਗ ਹੈ ਕਿ ਮ੍ਰਿਤਕ ਨੌਜਵਾਨ ਆਪਣੀ ਮੌਤ ਤੋਂ 12 ਦਿਨ ਪਹਿਲਾਂ ਹੀ 18 ਨਵੰਬਰ ਨੂੰ ਦੁਬਈ ਗਿਆ ਸੀ ਤੇ ਉਥੇ ਜਾ ਕੇ ਉਹ ਬਿਮਾਰ ਹੋ ਗਿਆ ਤੇ ਉਸ ਨੂੰ ਰਾਸ਼ਿਦ ਹਸਪਤਾਲ ਦੁਬਈ ਵਿਖੇ ਦਾਖਲ ਕਰਵਾਇਆ ਗਿਆ ਸੀ। ਇਲਾਜ਼ ਦੌਰਾਨ ਨੌਜਵਾਨ ਦੀ ਮੌਤ ਹੋ ਗਈ। ਪਰਿਵਾਰ ਵੱਲੋਂ ਸਰਬੱਤ ਦਾ ਭਲਾ ਮੋਗਾ ਦੇ ਪ੍ਰਧਾਨ ਮਹਿੰਦਰ ਪਾਲ ਲੂੰਬਾ ਨਾਲ ਸੰਪਰਕ ਕੀਤਾ ਗਿਆ ਤੇ ਹਰਦੀਪ ਸਿੰਘ ਦੀ ਮ੍ਰਿਤਕ ਦੇਹ ਵਾਪਸ ਲੈ ਕੇ ਆਉਣ ਲਈ ਮੱਦਦ ਮੰਗੀ। ਮਹਿੰਦਰ ਪਾਲ ਲੂੰਬਾ ਵੱਲੋਂ ਉਹਨਾਂ ਦਾ ਕੇਸ ਤਿਆਰ ਕਰਕੇ ਸਰਬੱਤ ਦਾ ਭਲਾ ਦੇ ਮੈਨੇਜਿੰਗ ਟਰੱਸਟੀ ਡਾ. ਐਸ.ਪੀ. ਸਿੰਘ ਉਬਰਾਏ ਜਾ ਨੂੰ ਭੇਜਿਆ ਗਿਆ, ਜੋ ਉਸ ਵੇਲੇ ਦੁਬਈ ਵਿੱਚ ਹੀ ਮੌਜੂਦ ਸਨ। ਉਹਨਾ ਨੇ ਤੁਰੰਤ ਆਪਣੇ ਵਕੀਲਾਂ ਦੇ ਪੈਨਲ ਨੂੰ ਕੰਮ ਤੇ ਲਗਾ ਦਿੱਤਾ ਗਿਆ ਤੇ ਦੋ ਦਿਨ ਦੀ ਦੌੜ ਭੱਜ ਤੋਂ ਬਾਅਦ ਮ੍ਰਿਤਕ ਹਰਦੀਪ ਸਿੰਘ ਦੀ ਦੇਹ ਭਾਰਤ ਭੇਜਣ ਦਾ ਡਾ. ਐਸ.ਪੀ. ਸਿੰਘ ਉਬਰਾਏ ਜੀ ਵੱਲੋਂ ਪ੍ਰਬੰਧ ਕਰ ਦਿੱਤਾ ਗਿਆ।

ਨੌਜਵਾਨ ਦੀ ਮ੍ਰਿਤਕ ਦੇਹ ਕੱਲ੍ਹ 16 ਨਵੰਬਰ ਨੂੰ ਅਮ੍ਰਿਤਸਰ ਏਅਰ-ਪੋਰਟ ਤੇ ਪਰਿਵਾਰ ਨੂੰ ਸੌਂਪ ਦਿੱਤੀ ਗਈ। ਅੱਜ ਨੌਜਵਾਨ ਦੇ ਅੰਤਿਮ ਸਸਕਾਰ ਮੌਕੇ ਹਜਾਰਾਂ ਦੀ ਗਿਣਤੀ ਵਿੱਚ ਨਗਰ ਅਤੇ ਇਲਾਕਾ ਨਿਵਾਸੀ ਪਹੁੰਚੇ ਹੋਏ ਸਨ, ਜੋ ਡਾ. ਉਬਰਾਏ ਜੀ ਦੇ ਯਤਨਾਂ ਦੀ ਸ਼ਲਾਘਾ ਕਰ ਰਹੇ ਸਨ। ਇਸ ਮੌਕੇ ਮ੍ਰਿਤਕ ਨੌਜਵਾਨ ਦੇ ਫੁੱਫੜ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸਦਾ ਇੱਕ ਸੱਤ ਸਾਲ ਦਾ ਬੇਟਾ ਹੈ, ਪਿਤਾ ਅਧਰੰਗ ਕਾਰਨ ਅਤੇ ਮਾਂ ਬੁਢਾਪੇ ਦੀਆਂ ਬਿਮਾਰੀਆਂ ਕਾਰਨ ਪਹਿਲਾਂ ਹੀ ਮੰਜੇ ਤੇ ਹਨ। ਹਰਦੀਪ ਸਿੰਘ ਪਰਵਿਾਰ ਦਾ ਇਕਲੌਤਾ ਸਹਾਰਾ ਸੀ, ਜੋ ਇਹਨਾਂ ਨੂੰ ਛੱਡ ਕੇ ਚਲਾ ਗਿਆ। ਉਹਨਾਂ ਡਾ. ਐਸ.ਪੀ. ਉਬਰਾਏ ਜੀ ਦਾ ਧੰਨਵਾਦ ਕਰਦਿਆਂ ਪਰਿਵਾਰ ਦੀ ਆਰਥਿਕ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਵੀ ਹਰ ਸੰਭਵ ਮੱਦਦ ਕਰਲ ਦੀ ਬੇਨਤੀ ਕੀਤੀ।

ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਹਰਪਾਲ ਸਿੰਘ ਮਹਿਣਾ ਨੇ ਵੀ ਡਾ. ਐਸ.ਪੀ. ਉਬਰਾਏ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਸੀਂ ਆਪਣੇ ਨਗਰ ਵੱਲੋਂ ਇਸ ਪਰਿਵਾਰ ਦੀ ਹਰ ਸੰਭੰਵ ਮੱਦਦ ਕਰਾਂਗੇ। ਓਹਨਾਂ ਡਾ. ਐਸ. ਪੀ. ਸਿੰਘ ਉਬਰਾਏ ਜੀ ਨੂੰ ਵੀ ਬੇਨਤੀ ਕਰਦੇ ਹਾਂ ਉਹ ਪਰਿਵਾਰ ਦੀ ਬਾਂਹ ਫੜਨ ਤਾਂ ਜੋ ਬੱਚੇ ਦੀ ਪੜ੍ਹਾਈ ਨਾ ਰੋਕੇ। ਇਸ ਮੌਕੇ ਉਹਨਾਂ ਦੇ ਨਾਲ ਟਰੱਸਟੀ ਮੈਂਬਰ ਸੁਖਦੇਵ ਸਿੰਘ ਬਰਾੜ ਅਤੇ ਸੈਂਕੜਿਆਂ ਦੀ ਗਿਣਤੀ ਵਿੱਚ ਮ੍ਰਿਤਕ ਹਰਦੀਪ ਸਿੰਘ ਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਇਲਾਕਾ ਨਿਵਾਸੀ ਹਾਜਰ ਸਨ।

ਮੁੱਖ ਪੰਨਾ ਪੇਪਰ ਬਾਰੇ 'ਮਹਿਕ ਵਤਨ ਦੀ ਫਾਊਡੇਸ਼ਨ ਸੁਸਾਇਟੀ ਪੱਤਰਕਾਰ ਬਣਨ ਲਈ ਇਸ਼ਤਿਹਾਰ ਦੇ ਰੇਟ ਸਾਡੇ ਪੱਤਰਕਾਰ ਤੇ ਅਸੀਂ ਸਾਡੇ ਬਾਰੇ ਐਵਾਰਡ ਬਾਰੇ ਸੰਪਰਕ
MEHAK WATAN DI LIVE
Sunday, September 26, 2021 2:11:36 PM
ਨਵੀਆਂ ਤੇ ਤਾਜ਼ਾਂ ਖਬਰਾਂ ਪੜ੍ਹਨ ਲਈ ਕਲਿੱਕ ਕਰੋ:
www.mehakwatandilive.com
International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ
Estd. 2000
ਰੋਜਾਨਾ ਆਨਲਾਈਨ ਅਖਬਾਰ * ਮਾਸਿਕ ਮੈਗਜੀਨ * ਵੈੱਬ ਟੀ.ਵੀ.
ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * Chief Editor: Bhawandeep Singh Purba



Scanned with CamScanner




# ਕੌਮਾਂਤਰੀ ਮੰਚ

## ਮੇਰੀ ਨਿੱਜੀ ਡਾਇਰੀ ਦੇ ਕੁਝ ਪੰਨੇ - 2

# ਸਾਡਾ ਹਰਦੂਆਰ ਦਾ ਪ੍ਰੈਸ ਸੈਮੀਨਾਰ

ਭਵਨਦੀਪ ਸਿੰਘ ਪੁਰਬਾ





ਮੈਨੂੰ ਮਾਲਵਾ ਮੇਲ ਦੇ ਮੁੱਖ ਸੰਪਾਦਕ ਸ੍ਰੀ ਫੂਲ ਮਿੱਤਲ ਜੀ ਦਾ ਪ੍ਰੈਸ ਸੈਮੀਨਾਰ ਲਈ ਸੱਦਾ ਆਇਆ। ਮੈਂ ਆਪਣੇ ਦੋਸਤਾਂ ਨਾਲ ਵਿਚਾਰ ਕੀਤਾ ਤਾਂ ਮੇਰੇ ਅਜੀਜ ਬਾਬਾ ਜਸਵੀਰ ਸਿੰਘ ਜੀ ਲੋਹਾਰਾ ਅਤੇ ਗੁਰਮੀਤ ਸਿੰਘ ਗੱਜਣਵਾਲਾ ਨੇ ਪ੍ਰੈਸ ਸੈਮੀਨਾਰ ਤੇ ਜਾਣ ਦੀ ਸਹਿਮਤੀ ਪ੍ਰਗਟਾਈ। ਸਾਡੇ ਕੁਝ ਹੋਰ ਸਟਾਫ਼ ਮੈਂਬਰ ਵੀ ਸੈਮੀਨਾਰ ਅਟੈਂਡ ਕਰਨਾ ਚਾਹੁੰਦੇ ਸਨ ਪਰ ਘਰੇਲੂ ਮਜਬੂਰੀਆਂ ਕਾਰਨ ਉਹ ਨਹੀਂ ਜਾ ਸਕੇ। ਸਾਡਾ ਇਹ ਪ੍ਰੈਸ ਸੈਮੀਨਾਰ ਸਮਾਲ ਐਂਡ ਮੀਡੀਅਮ ਨਿਊਜ਼ ਪੇਪਰ ਐਸੋਸੀਏਸ਼ਨ ਆਫ਼ ਇੰਡੀਆ ਦਾ ਸੈਮੀਨਾਰ ਸੀ, ਜੋ ਹਰਦੁਆਰ ਵਿਖੇ ਹੋਣਾ ਸੀ। ਸੈਮੀਨਾਰ ਵਿਚ ਜੋ ਏਜੰਡੇ ਸਨ ਉਹ ਤਾਂ ਸਾਡੇ ਨਿੱਜੀ ਸਨ ਪਰ ਹਰਿਦੁਆਰ ਦੀਆਂ ਹਸੀਨ ਵਾਦੀਆਂ ਵਿਚ ਜੋ ਕੁਝ ਤੱਕਿਆ ਉਹ ਪਾਠਕਾਂ ਦੀ ਜਾਣਕਾਰੀ ਲਈ ਬਿਆਨ ਕਰ ਰਿਹਾ ਹਾਂ।

ਮੈਂ ਬਾਬਾ ਜਸਵੀਰ ਸਿੰਘ ਜੀ ਲੁਹਾਰਾ ਅਤੇ ਗੁਰਮੀਤ ਸਿੰਘ ਗੱਜਣਵਾਲਾ ਅਸੀਂ ਨਿਰਧਾਰਤ ਤਰੀਕ 'ਤੇ ਪ੍ਰੈਸ ਸੈਮੀਨਾਰ ਅਟੈਂਡ ਕਰਨ ਲਈ ਮੋਗਾ ਤੋਂ ਹਰਿਦੁਆਰ ਰਵਾਨਾ ਹੋਏ। ਮੋਗਾ ਤੋਂ ਲੁਧਿਆਣੇ ਬਾਈ ਬੱਸ ਅਤੇ ਲੁਧਿਆਣਾ ਤੋਂ ਹਰਿਦੁਆਰ ਬਾਈ ਟਰੇਨ ਪਹੁੰਚੇ। ਟਰੇਨ ਲੁਧਿਆਣੇ ਤੋਂ ਸ਼ਾਮ ਨੂੰ 8 ਵਜੇ ਚੱਲ ਕੇ ਸਵੇਰੇ 5 ਵਜੇ ਹਰਿਦੁਆਰ ਪਹੁੰਚ ਗਈ। ਅਸੀਂ ਠੀਕ ਟਾਇਮ 'ਤੇ ਪ੍ਰੇਮ ਨਗਰ ਧਰਮਸ਼ਾਲਾ ਵਿਖੇ ਪਹੁੰਚੇ, ਜਿਥੇ ਸਾਡੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਐਸੋਸੀਏਸ਼ਨ ਵੱਲੋਂ ਕੀਤਾ ਗਿਆ ਸੀ। ਸੈਮੀਨਾਰ ਦੌਰਾਨ 2 ਘੰਟੇ ਸਵੇਰੇ ਅਤੇ 2 ਘੰਟੇ ਸ਼ਾਮ ਨੂੰ ਅਤੇ ਇਕ ਘੰਟਾ ਰਾਤ ਨੂੰ ਸਾਡੇ ਪੇਪਰਾਂ ਦੇ ਸੰਪਾਦਕ ਸਾਹਿਬਾਨਾਂ ਨੇ ਗੁਫ਼ਤਗੂ ਕਰਨੀ ਹੁੰਦੀ ਸੀ। ਬਾਕੀ ਸਮਾਂ ਅਸੀਂ ਹਰਿਦੁਆਰ ਘੁੰਮਣ ਵਿਚ ਬਤੀਤ ਕੀਤਾ।

ਹਰਿਦੁਆਰ ਵਿਚ ਵੱਡੇ-ਛੋਟੇ ਏਨੇ ਮੰਦਰ ਅਤੇ ਧਰਮਸ਼ਾਲਾਵਾਂ ਹਨ ਜਿਨ੍ਹਾਂ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ। ਗੰਗਾ ਦੇ ਆਲੇ-ਦੁਆਲੇ ਵਸਿਆ ਹਰਿਦੁਆਰ ਸ਼ਹਿਰ ਕੁਦਰਤ ਦਾ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰਦਾ ਹੈ। ਵੈਸੇ ਤਾਂ ਹਰਿਦੁਆਰ ਵਿਚ ਰਹਿਣ ਲਈ ਬਹੁਤ ਸਾਰੇ ਛੋਟੇ-ਵੱਡੇ ਹੋਟਲ ਹਨ, ਪਰ ਉਥੋਂ ਦੀਆਂ ਧਰਮਸ਼ਾਲਾਵਾਂ ਵਿਚ ਵੀ ਅਸਾਨੀ ਨਾਲ ਰਹਿਣ ਲਈ ਜਗ੍ਹਾ ਮਿਲ ਜਾਂਦੀ ਹੈ। ਪ੍ਰੇਮ ਨਗਰ ਧਰਮਸ਼ਾਲਾ ਜਿਸ ਵਿਚ ਸਾਡੇ ਰਹਿਣ ਦਾ ਪ੍ਰਬੰਧ ਸੀ, ਉਹ ਧਰਮਸ਼ਾਲਾ ਕਿਸੇ ਹੋਟਲ ਨਾਲੋਂ ਘੱਟ ਨਹੀਂ ਸੀ। ਉਸ ਧਰਮਸ਼ਾਲਾ ਵਿਚ ਅਟੈਚ ਬਾਥਰੂਮ, ਠੰਡੇ-ਗਰਮ ਪਾਣੀ ਦੀ ਸੁਵਿਧਾ ਸੀ।

ਪਹਿਲੇ ਦਿਨ ਅਸੀਂ ਹਰਿ ਕੀ ਪੌੜੀ ਗਏ। ਇਹ ਉਹ ਸਥਾਨ ਹੈ ਜਿਥੇ ਗੰਗਾ ਦੇ ਕਿਨਾਰੇ ਸ਼ਾਮ ਨੂੰ ਆਰਤੀ ਹੁੰਦੀ ਹੈ। ਟੱਲੀਆਂ ਦੀ ਛਣਕਾਰ ਅਤੇ ਦੀਵਿਆਂ ਨਾਲ ਸਜੇ ਥਾਲ ਲੈ ਕੇ ਜਦ ਸ਼ਰਧਾਲੂ ਆਰਤੀ ਕਰਦੇ ਹਨ ਤਾਂ ਸਾਰਾ ਆਕਾਸ਼ ਵੀ ਜਗਮਗਾ ਉਠਦਾ ਪ੍ਰਤੀਤ ਹੁੰਦਾ ਹੈ।

ਅਗਲੇ ਦਿਨ ਅਸੀਂ ਲਛਮਣ ਝੂਲਾ ਵੇਖਣ ਗਏ। ਲਛਮਣ ਝੂਲਾ ਗੰਗਾ ਉਪਰ ਦੀ ਬਣਿਆ ਹੋਇਆ ਪੁਲ ਹੈ। ਜਦ ਇਸ ਪੁਲ ਦੇ ਉਪਰੋਂ ਦੀ ਲੰਘੀਂਦਾ ਹੈ ਤਾਂ ਇਹ ਝੂਟੇ ਦਿੰਦਾ ਹੈ। ਪੁਰਾਤਨ ਇਤਿਹਾਸਕ ਯਾਦਗਾਰ ਇਹ ਪੁਲ ਹੁਣ ਚਾਹੇ ਆਧੁਨਿਕ ਤਰੀਕੇ ਨਾਲ ਬਣ ਗਿਆ ਹੈ ਪਰ ਯਾਦਗਾਰ ਉਸੇ ਤਰ੍ਹਾਂ ਕਾਇਮ ਹੈ। ਹੁਣ ਇਹ ਪੁਲ ਲੋਹੇ ਦੇ ਮਜ਼ਬੂਤ ਰੱਸਿਆਂ ਨਾਲ ਬਣਿਆ ਹੋਇਆ ਹੈ ਜੋ ਉਪਰੋਂ ਦੀ ਲੰਘਦੇ ਸੈਲਾਨੀਆਂ ਨਾਲ ਕੰਬਣ 'ਤੇ ਝੂਟੇ ਦਿੰਦਾ ਹੈ। ਅਗਲੇ ਦਿਨ ਵਿਚ ਅਸੀਂ ਹਰਿਦੁਆਰ ਦੇ ਹੋਰ ਵੇਖਣਯੋਗ ਸਥਾਨਾਂ ਵਿਚ ਹਰਿ ਕੀ ਪੌੜੀ, ਚੁਮੰਡਾ ਦੇਵੀ ਦਾ ਮੰਦਰ, ਮਨਸ਼ਾ ਦੇਵੀ ਦਾ ਮੰਦਿਰ, ਸੰਤ ਰਿਸ਼ੀ ਆਸ਼ਰਮ, ਸੰਤ ਸਰੋਵਰ, ਨੀਲ ਧਾਰਾ, ਪੰਛੀ ਵਿਹਾਰ ਆਦਿ ਵੇਖਿਆ।

ਹਰਿਦੁਆਰ ਜਾਣ ਲਈ ਸੜਕ ਮਾਰਗ ਅਤੇ ਰੇਲ ਮਾਰਗ ਹੀ ਉਪਲਬਧ ਹਨ। ਰੇਲ ਮਾਰਗ ਸਭ ਤੋਂ ਵਧੀਆ ਅਤੇ ਸਸਤਾ ਮਾਰਗ ਹੈ। ਦੁਨੀਆਂ ਦੇ ਕੋਨੇ-ਕੋਨੇ ਤੋਂ ਦੇਹਰਾਦੂਨ (ਉਤਰਾਖੰਡ) ਨੂੰ ਰੇਲਾਂ ਪਹੁੰਚਦੀਆਂ ਹਨ। ਦੇਹਰਾਦੂਨ ਤੋਂ ਸਿਰਫ਼ 35 ਕਿਲੋਮੀਟਰ ਦੀ ਦੂਰੀ 'ਤੇ ਹਰਿਦੁਆਰ ਸ਼ਹਿਰ ਸਥਿਤ ਹੈ। ਲੁਧਿਆਣਾ (ਪੰਜਾਬ) ਤੋਂ ਜਾਂਦੇ ਹੋਏ ਤਾਂ ਹਰਿਦੁਆਰ ਸਟੇਸ਼ਨ ਦੇਹਰਾਦੂਨ ਤੋਂ 35 ਕਿਲੋਮੀਟਰ ਪਹਿਲਾਂ ਹੀ ਆ ਜਾਂਦਾ ਹੈ। ਦੇਹਰਾਦੂਨ ਤੋਂ ਲੋਕਲ ਬੱਸ ਜਾਂ ਆਟੋ ਰਾਹੀਂ ਵੀ ਹਰਿਦੁਆਰ ਪਹੁੰਚਿਆ ਜਾ ਸਕਦਾ ਹੈ। ਖਾਣੇ ਦਾਣੇ ਵਿਚ ਹਰਿਦੁਆਰ ਵਿਚ ਚਾਵਲ ਜ਼ਿਆਦਾ ਮਿਲਦੇ ਹਨ। ਪੰਜਾਬੀ ਖਾਣੇ ਵੀ ਉਪਲਬਧ ਹਨ। ਫਾਸਟ ਫੂਡ ਜ਼ਿਆਦਾ ਨਹੀਂ ਹੈ ਪਰ ਜ਼ਰੂਰਤ ਮੁਤਾਬਕ ਉਪਲਬਧ ਹੋ ਜਾਂਦਾ ਹੈ। ਹਰਿਦੁਆਰ ਤੋਂ ਲਿਆਉਣਯੋਗ ਸਮੱਗਰੀ ਵਿਚ ਜ਼ਿਆਦਾਤਰ ਲੋਕ ਗੰਗਾ ਜਲ ਹੀ ਲੈ ਕੇ ਆਉਂਦੇ ਹਨ। ਸੌਗਾਤ ਵਜੋਂ ਦੇਣ ਲਈ ਚਾਬੀਆਂ ਦੇ ਛੱਲੇ ਜਿਨ੍ਹਾਂ 'ਤੇ ਨਾਮ ਬਗੈਰਾ ਲਿਖ ਕੇ ਦਿੱਤਾ ਜਾਂਦਾ ਹੈ, ਨਗਾਂ ਮੋਤੀਆਂ ਵਾਲੀਆਂ ਮੁੰਦੀਆਂ, ਗਾਨੀਆਂ ਆਦਿ ਹੀ ਹੁੰਦੀਆਂ ਹਨ। ਬਾਕੀ ਹੋਰ ਲਿਆਉਣਯੋਗ ਕੋਈ ਖਾਸ ਚੀਜ਼ ਨਹੀਂ ਹੈ। ਫਲਾਂ ਵਿਚ ਅੰਬ ਅਤੇ ਲੀਚੀਆਂ ਆਦਿ ਜ਼ਿਆਦਾ ਮਿਲਦੀਆਂ ਹਨ।

ਇਸੇ ਤਰ੍ਹਾਂ ਕੁਝ ਦਿਨਾਂ ਦੇ ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਅਸੀਂ ਵਾਪਸ ਪੰਜਾਬ ਆਉਣ ਦੀ ਬਜਾਏ ਮਨਸੂਰੀ ਵਿਖੇ ਚਲੇ ਗਏ। ਜਿਸ ਦਾ ਬਿਆਨ ਆਉਣ ਵਾਲੇ ਅੰਕਾਂ ਵਿਚ ਕਰਾਂਗੇ।





ਹਰਦੁਆਰ ਵਿਖੇ ਹੋਏ ਨਿਊਜ ਪੇਪਰ ਸੈਮੀਨਾਰ ਸਮੇ ਸਾਬਕਾ ਉਪ-ਰਾਸਟਰਪਤੀ ਭੈਰੋ ਸਿੰਘ ਸੇਖਾਵਤ ਦੇ ਨਾਲ "ਮਹਿਕ ਵਤਨ ਦੀ" ਪੇਪਰ ਦੇ ਚੀਫ ਐਡੀਟਰ ਭਵਨਦੀਪ ਸਿੰਘ ਪੁਰਬਾ, 2. ਸਾਬਕਾ ਉਪ-ਰਾਸਟਰਪਤੀ ਭੈਰੋ ਸਿੰਘ ਸੇਖਾਵਤ ਨੂੰ "ਮਹਿਕ ਵਤਨ ਦੀ" ਅਤੇ "ਸੰਤ ਬਾਬਾ ਨੰਦ ਸਿੰਘ ਜੀ ਦੀ ਜੀਵਨੀ" ਭੇਟ ਕਰਦੇ ਹੋਏ ਬਾਬਾ ਜਸਵੀਰ ਸਿੰਘ ਲੋਹਾਰਾ ਅਤੇ ਗੁਰਮੀਤ ਸਿੰਘ ਗੱਜਣਵਾਲਾ।


## 'ਮਹਿਕ ਵਤਨ ਦੀ ਲਾਈਵ' ਡਾਇਰੀ 2022-23

### ਡਾਇਰੀ ਵਿੱਚ ਆਪਣੇ ਇਸ਼ਤਿਹਾਰ ਦੇਣ ਲਈ ਜਲਦੀ ਸੰਪਰਕ ਕਰੋ।

'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਦੋ-ਸਾਲਾ ਡਾਇਰੀ ਜੋ ਲਾਕਡੋਨ ਅਤੇ ਕੁੱਝ ਕਾਰਨਾ ਕਰਕੇ ਪਿਛਲੇ 4 ਸਾਲਾ ਤੋਂ ਨਹੀਂ ਛਪ ਸਕੀ ਸੀ। ਇਹ ਡਾਇਰੀ ਐਤਕੀ ਨਵੇਂ ਸਾਲ ਤੇ ਛਪ ਰਹੀ ਹੈ। ਜਿਸ ਵਿੱਚ ਪਿਛਲੇ 4 ਸਾਲਾ ਦੌਰਾਨ ਵਧੀਆਂ ਸੇਵਾਵਾ ਨਿਭਾਉਣ ਅਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਸਹਿਯੋਗ ਦੇਣ ਵਾਲੀਆਂ ਸਖਸੀਅਤਾ ਦੀ ਜਾਣਕਾਰੀ ਤੋਂ ਇਲਾਵਾ ਅਦਾਰੇ ਵੱਲੋਂ ਕੀਤੇ ਗਏ ਅਤੇ ਕੀਤੇ ਜਾਂ ਰਹੇ ਕਾਰਜਾਂ ਦੀ ਅਹਿਮ ਜਾਣਕਾਰੀ ਹੋਵੇਗੀ।

ਇਹ ਡਾਇਰੀ ਨਵੇਂ ਸਾਲ ਦਾ ਤੋਹਫਾ ਦੇਣ ਲਈ ਬਹੁੱਤ ਵਧੀਆਂ ਲੁੱਕ ਵਿੱਚ ਕੱਲਰ ਸਫਿਆਂ ਸਮੇਤ ਛਾਪੀ ਜਾਵੇਗੀ!

ਇਸ ਡਾਇਰੀ ਵਿੱਚ ਆਪਣੀ ਸੁਸਾਇਟੀ, ਕਲੱਬ, ਸੰਸਥਾਂ ਜਾਂ ਆਪਣੇ ਕਾਰੋਬਾਰ ਬਾਰੇ ਅਤੇ ਸਮਾਜ ਸੇਵੀ ਸਖਸੀਅਤਾਂ ਆਪਣੇ ਇਸ਼ਤਿਹਾਰ ਲਗਾਉਣ ਲਈ ਜਲਦੀ ਸੰਪਰਕ ਕਰਨ।

ਇਕਬਾਲ ਸਿੰਘ ਖੋਸਾ: 98768-00424 * ਸਾਧੂ ਸਿੰਘ ਧੰਮੂ: 98143-71922

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ

ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.

International ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ ਮਹਿਕ ਵਤਨ ਦੀ 'Mehak Watan Di Live' ਲਾਈਵ

Help Line: 9988-92-9988 * www.mehakwatandilive.com


Scanned with CamScanner



# ਬਾਲ - ਵਾੜੀ

## ਇਹ ਵੀ ਜਾਣੋ


1. ਚੂਹੇ ਅਤੇ ਹਾਥੀ ਵਿਚ ਸਾਂਝਾ ਲੱਛਣ ਕੀ ਹੈ?
2. ਭਾਰਤ ਵਿਚ ਕਿਸ ਰਾਜ ਦੀ ਵਸੋਂ ਘਣਤਾ ਸਭ ਤੋਂ ਵੱਧ ਹੈ?
3. ਕਾਗ਼ਜ਼ ਬਣਾਉਣ ਲਈ ਕਿਹੜਾ ਘਾਹ ਵਰਤਿਆ ਜਾਂਦਾ ਹੈ?
4. ਉਹ ਕਿਹੜਾ ਜਾਨਵਰ ਹੈ, ਜਿਹੜਾ ਪਾਣੀ ਤੇ ਥਲ ਦੋਵਾਂ ਵਿਚ ਰਹਿ ਸਕਦਾ ਹੈ?
5. ਦੁਨੀਆਂ ਵਿਚ ਸਭ ਤੋਂ ਵੱਡੇ ਜਾਨਵਰ ਦਾ ਨਾਂਅ ਦੱਸੋ?
6. ਰਾਸ਼ਟਰਪਤੀ ਦੀ ਚੋਣ ਲੜਨ ਲਈ ਕਿੰਨੀ ਉਮਰ ਚਾਹੀਦੀ ਹੈ?
7. ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
8. ਨੈਪੋਲੀਅਨ ਕਿੱਥੋਂ ਦਾ ਸ਼ਾਸ਼ਕ ਸੀ?
9. ਸੱਪ ਦੀ ਜ਼ਹਿਰ ਦੀ ਵਰਤੋਂ ਕਿਨ੍ਹਾਂ ਵਿਚ ਕੀਤੀ ਜਾਂਦੀ ਹੈ?
10. ਧੁੱਪ ਤੋਂ ਸਾਨੂੰ ਕਿਹੜਾ ਵਿਟਾਮਿਨ ਮਿਲਦਾ ਹੈ?

**ਉਤਰ - 1. ਦੋਵੇਂ ਸਜੀਵ ਹਨ, 2. ਕੇਰਲਾ, 3. ਸਵਾਹੀ ਘਾਹ, 4. ਡੱਡੂ, 5. ਨੀਲੀ ਵੇਲ੍ਹ, 6. 35 ਸਾਲ, 7. ਪ੍ਰਧਾਨ ਮੰਤਰੀ, 8. ਫਰਾਂਸ ਦਾ, 9. ਦਵਾਈਆਂ ਵਿਚ, 10. ਵਿਟਾਮਿਨ 'ਡੀ'**

## ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ


- ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
- ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
- ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
- ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
- ਗਿਲਾਮੌਂਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
- ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
- ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

**ਪਿਆਰੇ ਬੱਚਿਓ ! ਦੱਸੋ ਹੇਠ ਦਿੱਤੇ ਹਾਥੀਆਂ 'ਚੋ ਕਿਹੜਾ ਹਾਥੀ ਬਾਕੀਆ ਨਾਲੋ ਭਿੰਨ ਹੈ ?**




ਉੱਤਰ: 2

-ਭਾਗਵੰਤੀ ਪੁਰਬਾ




**ਪਿਆਰੇ ਬੱਚਿਓ ! ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ A ਤੋਂ Z ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਦੋ ਵਾਰ ਲਿਖਿਆ ਹੈ।**

ਉੱਤਰ: G

ਪੇਸ਼ਕਸ਼: ਭਾਗਵੰਤੀ ਪੁਰਬਾ
E-Mail: bhagwanti.purba@gmail.com



## ਮਾਡਲ ਸਕੂਲਾਂ ਦਾ ਮਸਲਾ




ਅੱਜਕਲ੍ਹ ਹਰ ਸ਼ਹਿਰ ਵਿਚ ਮਾਡਲ ਸਕੂਲ ਖੁੰਬਾਂ ਵਾਂਗ ਖੁੱਲ੍ਹ ਰਹੇ ਹਨ। ਇਨ੍ਹਾਂ ਦਾ ਉਦੇਸ਼ ਬੱਚਿਆਂ ਨੂੰ ਸੋਹਣੀਆਂ ਵਰਦੀਆਂ ਵਿਚ [illegible] ਲਟਾਂ ਨਾਲ ਲੈਸ ਸਕੂਲ ਦੀਆਂ ਬੱਸ [illegible] ਾ ਹੈ। ਇਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਵਿਚ ਹੁੰਦਾ ਹੈ। ਅਸੀਂ ਰੀਸੋ ਰੀਸ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਭੇਜਦੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਵੀ ਤੋਤੇ ਵਾਂਗ ਸਿਰਫ਼ ਅੰਗਰੇਜ਼ੀ ਹੀ ਬੋਲੇ। ਜਦੋਂ ਨਤੀਜਾ ਨਿਕਲਦਾ ਹੈ ਤਾਂ ਸਾਡਾ ਬੱਚਾ ਬੁਰੀ ਤਰ੍ਹਾਂ ਫੇਲ ਹੁੰਦਾ ਹੈ ਕਿਉਂਕਿ ਉਹ ਮਾਤ ਭਾਸ਼ਾ ਤੋਂ ਹਟਕੇ ਵਿਦੇਸ਼ੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਨਹੀਂ ਸਕਦਾ। ਇਨ੍ਹਾਂ ਸਕੂਲਾਂ ਵਿਚ ਦਾਖਲਾ ਬਹੁਤ ਹੀ ਮੁਸ਼ਕਿਲ ਨਾਲ ਮਿਲਦਾ ਹੈ। ਭਾਰੀਆਂ ਰਕਮਾਂ ਜਿਸਨੂੰ ਡੋਨੇਸ਼ਨ ਕਿਹਾ ਜਾਂਦਾ ਹੈ ਅਤੇ ਵੱਡੀਆਂ ਸਿਫਾਰਸ਼ਾਂ ਦੀ ਲੋੜ ਪੈਂਦੀ ਹੈ। ਇਥੇ ਹੀ ਬੱਸ ਨਹੀਂ ਫਿਰ ਫੀਸਾਂ ਵੀ ਜ਼ਿਆਦਾ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਫਿਰ ਕਿਤਾਬਾਂ ਕਾਪੀਆਂ ਦੇ ਸੈਟ ਵੀ ਤੁਹਾਨੂੰ ਸਕੂਲੋਂ ਹੀ ਮਿਲਣਗੇ, ਟਾਈਆਂ ਬੈਲਟਾਂ ਅਤੇ ਸਕੂਲ ਦੀ ਡਰੈਸ ਵੀ ਵਿਸ਼ੇਸ਼ ਦੁਕਾਨ ਤੋਂ ਹੀ ਮਿਲੇਗੀ। ਬੱਚੇ ਨੂੰ ਲਿਜਾਣ ਵਾਸਤੇ ਬੱਸ ਦੀ ਫੀਸ ਵੱਖਰੀ ਦੇਣੀ ਪਵੇਗੀ।

ਦਾਖਲੇ ਦੇ ਝੰਜਟ ਤੋਂ ਬਾਅਦ ਬੱਚੇ ਦੀ ਪੜ੍ਹਾਈ ਦੀ ਗੱਲ ਕਰਦੇ ਹਾਂ। ਮਾਧਿਅਮ ਅੰਗਰੇਜ਼ੀ ਹੋਣ ਸਦਕਾ ਬੱਚੇ ਦੇ ਮਨ ਤੇ ਹਮੇਸ਼ਾ ਹੀ ਪੜ੍ਹਾਈ ਦਾ ਬੋਝ ਬਣਿਆ ਰਹਿੰਦਾ ਹੈ ਕਿਉਂਕਿ ਉਹ ਬਾਹਰਲੀ ਭਾਸ਼ਾ ਘੱਟ ਸਮੇਂ ਵਿਚ ਨਹੀਂ ਸਿੱਖ ਸਕਦਾ। ਨਤੀਜਾ ਕੀ ਹੁੰਦਾ ਹੈ ਕਿ ਬੱਚੇ ਨੂੰ ਚਾਲੂ ਕਰਨ ਲਈ ਸਾਨੂੰ ਆਪ ਮਿਹਨਤ ਕਰਵਾਉਣੀ ਪਵੇਗੀ ਜਾਂ ਫਿਰ ਟਿਊਸ਼ਨ ਦਾ ਸਹਾਰਾ ਲੈਣਾ ਪਵੇਗਾ।

ਜਿਥੋਂ ਤੱਕ ਆਪ ਮਿਹਨਤ ਦਾ ਵਿਚਾਰ ਹੈ ਉਹ ਅਸੀਂ ਕਰਵਾ ਨਹੀਂ ਸਕਦੇ ਕਿਉਂਕਿ ਅਸੀਂ ਆਪਣੇ ਬਿਜਨੈਸ ਵਿਚ ਏਨਾ ਰੁੱਝ ਚੁੱਕੇ ਹਾਂ ਕਿ ਸਾਨੂੰ ਰਤਾ ਵੀ ਵਿਹਲ ਨਹੀਂ ਹੈ ਕਿ ਅਸੀਂ ਬੱਚੇ ਦੀ ਪੜ੍ਹਾਈ ਵੱਲ ਧਿਆਨ ਦੇਈਏ, ਕਿਉਂਕਿ ਅਸੀਂ ਦਿਨ-ਰਾਤ ਆਪਣੇ ਕੰਮ ਅਤੇ ਲਾਭ ਵਿਚ ਭੱਜੇ ਫਿਰਦੇ ਹਾਂ। ਸਾਡੇ ਕੋਲ ਕਿੱਥੇ ਸਮਾਂ ਹੈ ਕਿ ਅਸੀਂ ਬੱਚੇ ਨੂੰ ਕੋਲ ਬਿਠਾ ਕੇ ਕੁੱਝ ਪੁੱਛ ਦੱਸ ਸਕੀਏ। ਘਰ ਦੀਆਂ ਔਰਤਾਂ ਨੂੰ ਕਿੱਟੀ ਪਾਰਟੀਆਂ ਤੋਂ ਵਿਹਲ ਨਹੀਂ ਮਿਲਦੀ, ਉਹ ਵੀ ਚਾਹੁੰਦੀਆਂ ਹਨ ਕਿ ਬੱਚਾ ਸਾਰਾ ਦਿਨ ਹੀ ਘਰੋਂ ਬਾਹਰ ਰਹੇ ਅਤੇ ਉਹ ਕਿੱਟੀ ਪਾਰਟੀਆਂ ਵਿਚ ਰੁੱਝੀਆਂ ਹੀ ਰਹਿਣ, ਬੱਚੇ ਦਾ ਕੀ ਹੈ, ਆਪੇ ਤੁਰਦਾ ਫਿਰਦਾ ਦੋ ਲਫ਼ਜ਼ ਸਿੱਖ ਜਾਵੇਗਾ।

ਬੱਚੇ ਨੂੰ ਸਕੂਲ ਵਿਚ ਹੀ ਟਿਊਸ਼ਨ ਗਰੁੱਪ ਵਿਚ ਰੱਖ ਲਿਆ ਜਾਂਦਾ ਹੈ, ਇਸਦੀ ਫੀਸ ਵੱਖਰੀ ਹੁੰਦੀ ਹੈ। ਬੱਚਾ ਬੜੀ ਹੀ ਸ਼ਾਨ ਨਾਲ ਬੱਸ ਵਿਚ ਸਵਾਰ ਹੋ ਕੇ ਸਕੂਲ ਜਾਂਦਾ ਹੈ। ਅਸੀਂ ਬੜੀ ਹੀ ਸ਼ਾਨ ਨਾਲ ਕਹਿੰਦੇ ਹਾਂ ਕਿ ਬੱਚਾ ਫਲਾਣੇ ਸਕੂਲ ਵਿਚ ਪੜ੍ਹਦਾ ਹੈ। ਜਦੋਂ ਨਤੀਜਾ ਆਉਂਦਾ ਹੈ ਤਾਂ ਬੱਚਾ ਕੁੱਝ ਵੀ ਨਹੀਂ ਸਿੱਖਿਆ ਹੁੰਦਾ, ਫਿਰ ਉਸ ਨੂੰ ਪੰਜਾਬੀ ਸਕੂਲ ਵਿਚ ਲਗਾਇਆ ਜਾਂਦਾ ਹੈ ਕਿਉਂਕਿ ਉਹ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਨਹੀਂ ਸਕਦਾ, ਉਹ ਪੜ੍ਹਾਈ ਵਿਚ ਪਛੜ ਜਾਂਦਾ ਹੈ। ਉਸਨੂੰ ਇਕ ਜਾਂ ਦੋ ਜਮਾਤਾਂ ਪਿਛਾਂਹ ਮੁੜਣਾ ਪੈਂਦਾ ਹੈ ਕਿਉਂਕਿ ਨਾ ਉਹ ਅੰਗਰੇਜ਼ੀ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਪੰਜਾਬੀ, ਉਹ ਪੜ੍ਹਾਈ ਨੂੰ ਨਾ ਸਮਝ ਆਉਣ ਵਾਲੀ ਸ਼ੈਅ ਸਮਝਦਾ ਹੈ ਅਤੇ ਅਕਸਰ ਸਕੂਲੋਂ ਗੈਰ ਹਾਜ਼ਰ ਪਾਇਆ ਜਾਂਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਕੁ ਸਕੂਲਾਂ ਨੂੰ ਗਰਾਂਟ ਦੇ ਕੇ ਮਨਜ਼ੂਰਸ਼ੁਦਾ ਕਰਾਰ ਦੇਵੇ, ਗਲੀਆਂ ਵਿਚ ਖੁੱਲੀਆਂ ਵਿੱਦਿਆ ਦੀਆਂ ਇਹ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ। ਮਾਪਿਆਂ ਦੀ ਆਰਥਿਕ ਲੁੱਟ ਖਸੁੱਟ ਨਾ ਹੋ ਸਕੇ। ਪੰਜਾਬੀ ਪੜ੍ਹਕੇ ਬੱਚਾ ਆਪਣੀ ਮਾਤ ਭਾਸ਼ਾ ਤੋਂ ਛੇਤੀ ਹੀ ਜਾਣੂ ਹੋ ਜਾਂਦਾ ਹੈ ਫਿਰ ਅਸੀਂ ਅੰਗਰੇਜ਼ੀ ਸਕੂਲਾਂ ਦਾ ਸਹਾਰਾ ਕਿਉਂ ਲਈਏ? ਆਸ ਕਰਦੇ ਹਾਂ ਕਿ ਸਰਕਾਰ ਇਸ ਸਮੱਸਿਆ ਨੂੰ ਸੰਜੀਦਗੀ ਨਾਲ ਵਿਚਾਰ ਕਰਕੇ ਕੋਈ ਠੋਸ ਹੱਲ ਲੱਭੇਗੀ ਤਾਂਕਿ ਬੱਚਿਆਂ ਦਾ ਭਵਿੱਖ ਉੱਜਲ ਬਣ ਸਕੇ।

ਰਜਿੰਦਰ ਵਰਮਾ

Scanned with CamScanner





# 'ਮਹਿਕ ਵਤਨ ਦੀ ਲਾਈਵ' ਬਿਓਰੋ

'ਮਹਿਕ ਵਤਨ ਦੀ ਲਾਈਵ' ਮਾਸਿਕ ਮੈਗਜੀਨ

'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ

ਰੋਜਾਨਾ ਆਨਲਾਈਨ ਅਖਬਾਰ

**ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ**




International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

**Web TV * Monthly Magazine * Daily Online Newspaper**

ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੇ ਦਰਸ਼ਕਾਂ ਨਾਲ ਸਾਂਝਾ ਕਰੋ!

## 'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ !

...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਝੀਆਂ ਕਰੋ।

'ਮਹਿਕ ਵਤਨ ਦੀ ਲਾਈਵ' ਆਨਲਾਈਨ ਅਖਬਾਰ, ਵੈਬ ਟੀ.ਵੀ. ਅਤੇ ਮਾਸਿਕ ਮੈਗਜੀਨ ਵਿੱਚ ਬਹੁਤ ਥੋੜੇ ਖਰਚ ਤੇ ਆਪਣੇ ਇਸ਼ਤਿਹਾਰ ਦੇ ਕੇ ਜਿਆਦਾ ਲਾਭ ਪ੍ਰਾਪਤ ਕਰੋ ਜੀ।



Chief Editor:
Bhawandeep Singh Purba

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ
Web TV

ਇਸ਼ਤਿਹਾਰ ਦਾ ਫੁੱਲ ਪੈਕੇਜ ਲੈਣ ਲਈ ਵੀ ਸੰਪਰਕ ਕਰੋ!

ਪੱਤਰਕਾਰ ਬਨਣ ਲਈ ਅਤੇ ਹਰ ਪ੍ਰਕਾਰ ਦੀ ਜਾਣਕਾਰੀ ਲਈ ਸੰਪਰਕ ਕਰੋ:

**Help Line: 9988 92 9988**

**www.mehakwatandilive.com**

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner